ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

GURMAT ELEMENTARY COURSE

(CORRESPONDENCE COURSE)

LESSON 7

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013

ਫੋਨ : 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਜੁਲਾਈ 2020

20/- ਰੁਪਏ

ਤਤਕਰਾ

ਵਿਸ਼ਾ ਸੂਚੀ **ਪੰਨਾ**

ਇਤਿਹਾਸ

1. ਗੁਰੂ ਹਰਿਰਾਇ ਸਾਹਿਬ ਜੀ 3
2. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 6
3. ਮਾਤਾ ਕਿਸ਼ਨ ਕੌਰ ਜੀ 8
4. ਦਵਾਖਾਨਾ 9
5. ਗਰੀਬਾਂ ਨਾਲ ਪਿਆਰ 11
6. ਸ਼ਹੀਦ ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ 12
7. ਬਾਬਾ ਦੀਪ ਸਿੰਘ ਜੀ 16

ਫਿਲਾਸਫੀ

8. ਖ਼ਾਲਸਾ ਪੰਥ 20
9. ਸੰਸਕਾਰ ਤੇ ਰਹਿਤ ਮਰਿਯਾਦਾ 22

ਸ਼ਬਦ ਵੀਚਾਰ

10. ਅਬ ਹਮ ਚਲੀ ਠਾਕੁਰ ਪਹਿ ... 31
11. ਜਿਸੁ ਮਾਨੁਖ ਪਹਿ ਕਰਉ ਬੇਨਤੀ ... 32
12. ਅੰਤਰਿ ਮਲਿ ਨਿਰਮਲੁ ਨਹੀ ਕੀਨਾ ... 34
13. ਸਰਬ ਸੁਖਾ ਕਾ ਦਾਤਾ ਸਤਿਗੁਰੁ ... 35
14. ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ... 36

ਜੀਵਨ ਵਿਕਾਸ

15. ਨਰੋਆ ਸਮਾਜ 38
16. ਸਫਲ ਜੀਵਨ 43

ਪ੍ਰਸ਼ਨ ਪੱਤਰ 48

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

ਇਤਿਹਾਸ

1. ਗੁਰੂ ਹਰਿਰਾਇ ਸਾਹਿਬ ਜੀ

ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਵਿਖੇ 31 ਜਨਵਰੀ 1630 ਬਾਬਾ ਗੁਰਦਿੱਤਾ ਜੀ ਦੇ ਘਰ ਹੋਇਆ। ਗੁਰੂ ਜੀ ਦੀ ਮਾਤਾ ਜੀ ਦਾ ਨਾਮ ਨਿਹਾਲ ਕੌਰ ਜੀ ਸੀ। ਬਾਬਾ ਗੁਰਦਿੱਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। ਕੀਰਤਪੁਰ ਨਗਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਮਈ 1624 ਵਿਚ ਬਾਬਾ ਸ੍ਰੀ ਚੰਦ ਜੀ ਨੇ ਨੀਂਹ ਰੱਖੀ ਤੇ ਬਾਬਾ ਗੁਰਦਿੱਤਾ ਜੀ ਨੇ ਵਸਾਇਆ ਸੀ। ਇਸੇ ਥਾਂ ਤੇ ਗੁਰੂ ਨਾਨਕ ਸਾਹਿਬ ਜੀ ਦੇ ਵਰੋਸਾਏ ਸਿੱਖ ਸਾਈਂ ਬੁੱਢਣ ਸ਼ਾਹ ਜੀ ਰਹਿੰਦੇ ਸਨ। ਗੁਰੂ ਹਰਿ ਰਾਇ ਸਾਹਿਬ ਜੀ ਦਾ ਅਨੰਦ ਕਾਰਜ ਮਾਤਾ ਕ੍ਰਿਸ਼ਨ ਕੌਰ ਜੀ(ਸੁਲੱਖਣੀ ਜੀ) ਨਾਲ ਸੰਨ 1640 ਵਿਚ ਹੋਇਆ। ਜਿਨ੍ਹਾਂ ਤੋਂ ਦੋ ਸਾਹਿਬਜ਼ਾਦੇ ਰਾਮ ਰਾਏ ਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਤੇ ਇਕ ਸਪੁਤਰੀ ਬੀਬੀ ਅਨੂਪ ਕੌਰ ਜੀ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ 14 ਮਾਰਚ 1644 ਨੂੰ ਗੁਰਿਆਈ ਦੀ ਬਖਸ਼ਿਸ਼ ਅਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਕੇ 19 ਮਾਰਚ 1644 ਨੂੰ ਜੋਤੀ ਜੋਤਿ ਸਮਾ ਗਏ।

ਸੰਨ 1646 ਵਿਚ ਪੰਜਾਬ ਵਿਚ ਕਾਲ ਪੈ ਗਿਆ। ਤਿੰਨ ਸਾਲ ਬੜੀ ਔੜ ਲਗੀ ਰਹੀ। ਲੋਕ ਰੋਟੀ ਦੀ ਇਕ-ਇਕ ਬੁਰਕੀ ਲਈ ਤਰਸਣ ਲੱਗੇ। ਮਨੁੱਖ, ਮਨੁੱਖਾਂ ਨੂੰ ਲੁੱਟ ਲੁੱਟ ਕੇ ਖਾਣ ਲੱਗੇ। ਜਿਸ ਦਸਵੰਧ ਨੇ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਗਰੀਬਾਂ ਨੂੰ ਸਹਾਰਾ ਦਿੱਤਾ ਸੀ, ਉਹੀ ਦਸਵੰਧ ਹੁਣ ਵੀ ਕਾਲ ਪੀੜਤਾਂ ਲਈ ਵਰਤਿਆ ਗਿਆ। ਪੰਜਵੇਂ ਤੇ ਛੇਵੇਂ ਪਾਤਸ਼ਾਹ ਜੀ ਦੀ ਤਰ੍ਹਾਂ ਹੀ ਗੁਰੂ ਹਰਿਰਾਇ ਸਾਹਿਬ ਜੀ ਨੇ ਕਾਲ ਦੇ ਸਮੇਂ ਵੀ ਮਿਹਨਤ ਕਰਨ ਦਾ ਜਜ਼ਬਾ ਭਰਨ ਵਾਸਤੇ ਤੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਖੂਹ ਵੀ ਪੁਟਵਾਏ। ਸਿੱਖਾਂ ਦੀ ਗਿਣਤੀ ਵੀ ਵੱਧ ਚੁੱਕੀ ਸੀ। ਦੂਸਰੇ ਪ੍ਰਾਂਤਾਂ ਵਿਚੋਂ ਸੁੱਖੀ ਵਸਦੇ ਸਿੱਖਾਂ ਨੇ ਕਾਲ ਪੀੜਿਤਾਂ ਲਈ ਦਿਲ ਖੋਲ ਕੇ ਮਾਇਆ ਦਿਤੀ। ਇਸ ਉੱਦਮ ਦਾ ਸਭ ਤੋਂ ਡੂੰਘਾ ਅਸਰ ਦਾਰਾ ਸ਼ਿਕੋਹ ਉੱਤੇ ਪਿਆ, ਜੋ ਪੰਜਾਬ ਦਾ ਗਵਰਨਰ ਸੀ। ਦਾਰਾ ਸ਼ਿਕੋਹ ਦੇ ਅੰਦਰ ਗੁਰੂ ਘਰ ਦਾ ਸਤਿਕਾਰ ਬਹੁਤ ਵੱਧ ਗਿਆ। ਮੌਕਾ ਮਿਲਣ ਤੇ ਦਾਰਾ ਸ਼ਿਕੋਹ, ਗੁਰੂ ਹਰਿਰਾਇ ਸਾਹਿਬ ਜੀ ਨੂੰ ਮਿਲਦਾ ਵੀ ਰਿਹਾ। ਉਸਨੇ ਇਕ ਵਾਰੀ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ,ਪਰ ਸਤਿਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ ਇਹ ਲੰਗਰ ਸਿੱਖਾਂ ਦੇ ਪਿਆਰ ਅਤੇ ਕੁਰਬਾਨੀ ਰਾਹੀਂ ਹੀ ਚਲਦਾ ਹੈ।

ਜਦੋਂ ਸ਼ਾਹ ਜਹਾਨ ਨੇ ਹੁਕਮ ਦਿੱਤਾ ਕਿ ਸਭ ਨਵੇਂ ਬਣੇ ਮੰਦਰ ਢਾਹ ਦਿੱਤੇ ਜਾਣ ਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਨਾ ਹੋਣ ਦਿਤੀ ਜਾਵੇ,ਤਾਂ ਹਿੰਦੂ ਜਨਤਾ ਉੱਤੇ ਸਹਿਮ ਪੈ ਗਿਆ। ਭਾਵੇਂ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਉੱਤੇ ਲਾਗੂ ਨਹੀਂ ਸੀ, ਕਿਉਂਕਿ ਸਿੱਖ ਮੂਰਤੀ ਪੂਜਕ ਨਹੀਂ ਸਨ, ਪਰ ਗੁਰੂ ਹਰਿਰਾਇ ਸਾਹਿਬ ਜੀ ਦੇ ਸਾਹਮਣੇ ਤਾਂ ਸਿੱਖੀ

ਦਾ ਇਹ ਅਸੂਲ ਸੀ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਵੋ। ਇਸ ਲਈ ਆਪ ਨੇ ਸਹਿਮੇ ਹੋਏ ਹਿੰਦੂਆਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਸ-ਪਾਸ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਇਸ ਉਪਰੰਤ ਗੁਰੂ ਜੀ ਨੇ ਇਕ ਵੱਡਾ ਪ੍ਰਚਾਰ ਦੌਰਾ ਮਾਝੇ, ਦੁਆਬੇ ਤੇ ਮਾਲਵੇ ਵੱਲ ਕੀਤਾ।

ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਵਿਖੇ ਇਕ ਵੱਡਾ ਦਵਾਖਾਨਾ ਖੋਲ੍ਹਿਆ ਸੀ, ਜਿਥੋਂ ਰੋਗੀਆਂ ਦੇ ਰੋਗ ਦੂਰ ਹੁੰਦੇ ਸਨ। ਬੇਸਹਾਰਿਆਂ ਨੂੰ ਸਹਾਰਾ ਮਿਲਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵੀ ਇਹ ਦਵਾਖਾਨਾ ਚਲਦਾ ਰਿਹਾ। ਗੁਰੂ ਹਰਿਰਾਇ ਸਾਹਿਬ ਜੀ ਨੇ ਇਸਦਾ ਹੋਰ ਵਿਸਥਾਰ ਕੀਤਾ। ਇਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਹਰ ਵੇਲੇ ਮੁਫ਼ਤ ਦਵਾਈ ਤੇ ਖੁਰਾਕ ਮਿਲਦੀ ਸੀ। ਇਕ ਵਾਰੀ ਦਾਰਾ ਸ਼ਿਕੋਹ ਬੀਮਾਰ ਪੈ ਗਿਆ। ਬੀਮਾਰੀ ਵੀ ਖ਼ਤਰਨਾਕ ਬਣ ਗਈ। ਹਕੀਮਾਂ ਨੇ ਖਾਸ ਕਿਸਮ ਦੇ ਵਜ਼ਨ ਦੇ ਲੌਂਗ, ਹਰੀੜਾਂ ਤੇ ਗਜਮੋਤੀ ਦਵਾਈ ਲਈ ਤਜ਼ਵੀਜ ਕੀਤੇ। ਇਹ ਚੀਜ਼ਾਂ ਆਪ ਜੀ ਦੇ ਦਵਾਖਾਨੇ ਤੋਂ ਬਿਨਾ ਹੋਰ ਕਿਤੇ ਨਾ ਮਿਲੀਆਂ। ਦਾਰਾ ਸ਼ਿਕੋਹ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ ਤੇ ਨਜ਼ਰਾਨੇ ਭੇਟ ਕੀਤੇ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਅਨੁਸਾਰ ਆਪ ਜੀ ਆਪਣੀ ਅਰਦਲ ਵਿਚ 2200 ਘੋੜ ਸਵਾਰ ਹਮੇਸ਼ਾਂ ਰੱਖਦੇ ਸਨ। ਜਦ ਸ਼ਾਹ ਜਹਾਨ ਦੇ ਪੁੱਤਰਾਂ ਵਿਚਕਾਰ ਦਿੱਲੀ ਦੇ ਤਖ਼ਤ ਲਈ ਲੜਾਈ ਹੋਈ ਤਾਂ ਇਸ ਸਮੇਂ ਗੁਰੂ ਜੀ ਨੂੰ ਆਪਣੀ ਫ਼ੌਜ ਮੈਦਾਨ ਵਿਚ ਲਿਆਉਣੀ ਪਈ। ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸਦੇ ਮਗਰ ਫੌਜ ਭੇਜੀ। ਦਾਰਾ ਸ਼ਿਕੋਹ ਨੇ ਗੁਰੂ ਹਰਿਰਾਇ ਜੀ ਪਾਸੋਂ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਲੋੜਵੰਦ ਦੀ ਬਾਂਹ ਫੜਨੀ, ਗੁਰੂ ਨਾਨਕ ਦੇ ਘਰ ਦਾ ਪਹਿਲਾ ਅਸੂਲ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ। ਪ੍ਰਸ਼ਾਦ ਛਕਾਇਆ ਤੇ ਵਿਦਾ ਕੀਤਾ। ਫਿਰ ਆਪ 2200 ਘੋੜ ਸਵਾਰ ਲੈ ਕੇ ਬਿਆਸ ਦਰਿਆ ਦੇ ਕੰਢੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਔਰੰਗਜ਼ੇਬ ਦੀ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨ ਤੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਲਾਹੌਰ ਜਾ ਪੁੱਜਾ। ਇਸ ਤੋਂ ਬਾਅਦ ਗੁਰੂ ਸਾਹਿਬ ਜੀ ਗੋਇੰਦਵਾਲ ਤੋਂ ਕਸ਼ਮੀਰ ਦੇ ਦੌਰੇ ਤੇ ਗਏ।

ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਵੀ ਲੱਗ ਗਿਆ। ਜਦੋਂ ਉਹ ਭਰਾਵਾਂ ਨੂੰ ਮਾਰ ਮੁਕਾ ਕੇ ਤੇ ਪਿਉ ਨੂੰ ਕੈਦ ਕਰਕੇ ਬਾਦਸ਼ਾਹ ਬਣਿਆ ਤਾਂ ਉਸਨੇ ਤਖ਼ਤ ਤੇ ਬਹਿਣ ਮਗਰੋਂ ਛੇਤੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ,ਪਰ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨਾਲ ਭਾਈ ਦਰਿਆ (ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਦਾ ਭਰਾ) ਭਾਈ ਦਰਘਾਹ ਮੱਲ (ਭਾਈ ਮਤੀ ਦਾਸ ਜੀ ਦੇ ਤਾਇਆ ਜੀ), ਭਾਈ ਗੁਰਦਾਸ ਜੀ (ਭਾਈ ਬਹਲੋ ਦਾ ਪੁੱਤਰ) ਤੇ ਹੋਰ ਸਿੱਖਾਂ ਨੂੰ ਭੇਜਿਆ। ਤੁਰਨ ਲੱਗਿਆਂ ਸਿੱਖਿਆ ਦਿੱਤੀ ਕਿ ਹਰੇਕ ਕਾਰਜ ਵਿਚ ਗੁਰੂ ਆਸਰੇ ਰਹਿਣਾ। ਗੁਰੂ ਨੂੰ ਅੰਗ ਸੰਗ

ਸਮਝਣਾ। ਬਾਬਾ ਰਾਮ ਰਾਇ ਜੀ ਬੜੇ ਪ੍ਰਬੀਨ ਤੇ ਹਾਜ਼ਿਰ ਜਵਾਬ ਸਨ। ਉਨ੍ਹਾਂ ਦੀ ਵਿਦਵਤਾ ਦਾ ਔਰੰਗਜ਼ੇਬ ਤੇ ਬਹੁਤ ਅਸਰ ਪਿਆ। ਔਰੰਗਜ਼ੇਬ ਨੇ ਪੁਛਿਆ ਕਿ ਗੁਰੂ ਹਰਿਰਾਇ ਜੀ ਨੇ ਦਾਰਾ ਸ਼ਿਕੋਹ ਦੀ ਸਹਾਇਤਾ ਕਿਉਂ ਕੀਤੀ? ਰਾਮ ਰਾਇ ਜੀ ਨੇ ਉੱਤਰ ਦਿੱਤਾ ਕਿ ਗੁਰੂ ਜੀ ਨੇ ਉਸ ਨੂੰ ਲੋੜਵੰਦ ਤੇ ਦੁਖੀਆ ਜਾਣ ਕੇ ਮਦਦ ਕੀਤੀ। ਕਿਸੇ ਵੈਰ ਭਾਵ ਨੂੰ ਧਾਰ ਕੇ ਨਹੀਂ। ਔਰੰਗਜ਼ੇਬ ਨੇ ਫਿਰ ਸਿੱਖ ਧਰਮ ਬਾਰੇ ਹੋਰ ਕਈ ਸਵਾਲ ਪੁਛੇ। ਜਿਨ੍ਹਾਂ ਦਾ ਉੱਤਰ ਬਾਬਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੇ ਮੁਤਾਬਿਕ ਦਿੱਤਾ। ਹਰੇਕ ਅਜ਼ਮਾਇਸ਼ ਵਿਚ ਬਾਬਾ ਰਾਮਰਾਇ ਜੀ ਪੂਰੇ ਉਤਰੇ। ਔਰੰਗਜ਼ੇਬ ਪੱਕਾ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਪਿਆਰ ਤੇ ਸਤਿਕਾਰ ਨਾਲ ਬਾਬਾ ਰਾਮ ਰਾਇ ਦਾ ਦਿਲ ਜਿੱਤ ਕੇ ਆਪਣੇ ਦੀਨ ਵਿਚ ਲਿਆਂਦਾ ਜਾਵੇ। ਉਸਨੇ ਕਾਜ਼ੀਆਂ ਦੀ ਪ੍ਰੇਰਣਾ ਤੇ ਬਾਬਾ ਰਾਮ ਰਾਇ ਤੋਂ ਪੁਛਿਆ, "ਤੁਹਾਡੇ ਗ੍ਰੰਥ ਵਿਚ ਲਿਖਿਆ ਹੈ:

ਮਿਟੀ ਮੁਸਲਮਾਨ ਕੀ, ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ॥ (ਪੰਨਾ :466)

ਇਸਦੇ ਕੀ ਅਰਥ ਹਨ? ਕੀ ਇਹ ਸਾਡੇ ਧਰਮ ਦੀ ਨਿੰਦਿਆ ਨਹੀਂ ਹੈ?" ਬਾਦਸ਼ਾਹ ਨਾਲ ਬਣਿਆ ਰਸੂਖ ਕਾਇਮ ਰੱਖਣ ਲਈ ਰਾਮ ਰਾਇ ਜੀ ਨਿਸ਼ਾਨੇ ਤੋਂ ਥਿੜਕ ਗਏ ਤੇ ਕਹਿ ਦਿੱਤਾ ਕਿ "ਮਿੱਟੀ ਮੁਸਲਮਾਨ ਕੀ ਨਹੀਂ, ਮਿੱਟੀ ਬੇਈਮਾਨ ਕੀ" ਲਿਖਿਆ ਹੈ। ਇਹ ਸੁਣ ਕੇ ਬਾਦਸ਼ਾਹ ਖੁਸ਼ ਹੋ ਗਿਆ।

ਸ਼ਾਹੀ ਰਸੂਖ ਦੀ ਖਾਤਰ ਗੁਰੂ ਆਦਰਸ਼ ਬਦਲਾ ਦੇਣਾ ਸਿੱਖ ਧਰਮ ਦੇ ਨਿਸ਼ਾਨੇ ਤੋਂ ਇਕ ਉਕਾਈ ਸੀ, ਇਸ ਲਈ ਗੁਰੂ ਹਰਿਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਕਹਿ ਭੇਜਿਆ ਕਿ ਤੁਸੀਂ ਹੁਣ ਸਾਡੇ ਕੋਲ ਨਹੀਂ ਆਉਣਾ, ਕਿਉਂਕਿ ਤੁਸੀਂ ਗੁਰੂ ਨਾਨਕ ਜੀ ਦੀ ਬਾਣੀ ਦੀ ਨਿਰਾਦਰੀ ਕੀਤੀ ਹੈ। ਸ਼ਾਹੀ ਦਰਬਾਰ ਦੀ ਚਾਲ ਕਿਸੇ ਹੱਦ ਤੱਕ ਕਾਮਯਾਬ ਹੋ ਗਈ, ਔਰੰਗਜ਼ੇਬ ਨੇ ਫੁੱਟ ਵਧਾਣ ਲਈ ਬਾਬਾ ਰਾਮ ਰਾਇ ਜੀ ਨੂੰ ਦੂਨ ਇਲਾਕੇ ਦੀ ਜਾਗੀਰ ਦੇ ਦਿੱਤੀ, ਪਰ ਸਿੱਖ ਕੌਮ ਵਿਚ ਧੜੇ ਪੈਦਾ ਕਰਨ ਵਿਚ ਉਹ ਕਾਮਯਾਬ ਨਾ ਹੋ ਸਕਿਆ। ਸਿੱਖਾਂ ਦੀ ਸ਼ਰਧਾ ਆਪਣੇ ਗੁਰੂ, ਗੁਰੂ ਹਰਿਰਾਇ ਸਾਹਿਬ ਪੁਰ ਅਡੋਲ ਰਹੀ।

ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਤਿੰਨ ਬਖ਼ਸ਼ਿਸ਼ਾਂ (ਕੇਂਦਰ) ਕਾਇਮ ਕੀਤੀਆਂ। ਇਹ ਗੁਰਸਿੱਖ ਸਨ, ਸੁਥਰੇ ਸ਼ਾਹ ਜੀ,ਭਗਤ ਭਗਵਾਨ ਤੇ ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੋਂ ਹੀ ਸਿੱਖੀ ਪ੍ਰਚਾਰ ਲਈ ਬਹੁਤ ਸਾਰੇ ਧੂੰਏਂ ਜਾਂ ਧੂੰਹਣੀਆਂ (ਛੋਟੇ, ਵੱਡੇ ਪ੍ਰਚਾਰ ਕੇਂਦਰ) ਕਾਇਮ ਕੀਤੀਆਂ ਸਨ।

ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਿਆਈ ਦੀ ਬਖਸ਼ਿਸ਼ ਆਪਣੇ ਛੋਟੇ ਪੁੱਤਰ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਕੀਤੀ ਤੇ 20 ਅਕਤੂਬਰ ਸੰਨ 1661 ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

***

2. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 23 ਜੁਲਾਈ ਸੰਨ 1656 ਨੂੰ ਗੁਰੂ ਹਰਿਰਾਇ ਸਾਹਿਬ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਗੱਦੀ ਦੀ ਬਖਸ਼ਿਸ਼ ਤੇ ਸਿੱਖ ਕੌਮ ਦੀ ਅਗਵਾਈ ਦੀ ਜ਼ਿੰਮੇਵਾਰੀ ਆਪ ਜੀ ਨੂੰ 20 ਅਕਤੂਬਰ 1661 ਨੂੰ ਸੌਂਪੀ।

ਜਦੋਂ ਇਸ ਗੱਲ ਦਾ ਪਤਾ ਰਾਮ ਰਾਇ ਨੂੰ ਲੱਗਾ ਤਾਂ ਉਹ ਬਹੁਤ ਔਖਾ ਹੋਇਆ। ਉਸ ਨੇ ਆਪਣੇ ਤਾਏ ਧੀਰ ਮੱਲ ਨਾਲ ਸਲਾਹ ਕਰ ਕੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢਿਆ ਤੇ ਉਹਨਾਂ ਰਾਹੀਂ ਆਪਣੇ ਆਪ ਨੂੰ ਗੁਰੂ ਮਸ਼ਹੂਰ ਕਰਨ ਦਾ ਯਤਨ ਕੀਤਾ,ਪਰ ਸਿੱਖਾਂ ਨੂੰ ਗੁਰੂ ਹਰਿਰਾਇ ਸਾਹਿਬ ਜੀ ਦੇ ਫੈਸਲੇ ਦਾ ਪਤਾ ਸੀ, ਇਸ ਕਰਕੇ ਰਾਮ ਰਾਇ ਨੂੰ ਕਿਸੇ ਨੇ ਵੀ ਗੁਰੂ ਨਾ ਮੰਨਿਆ।

ਇਧਰੋਂ ਮੂੰਹ ਦੀ ਖਾ ਕੇ ਉਹ ਸਿੱਧਾ ਔਰੰਗਜ਼ੇਬ ਕੋਲ ਪਹੁੰਚਿਆ ਤੇ ਕਿਹਾ ਕਿ ਮੈਂ ਵੱਡਾ ਪੁੱਤਰ ਹਾਂ, ਗੁਰਿਆਈ ਤੇ ਮੇਰਾ ਹੱਕ ਹੈ। ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਔਰੰਗਜ਼ੇਬ ਨੇ ਰਾਜਾ ਮਿਰਜ਼ਾ ਜੈ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਾਹਿਬ ਨੂੰ ਦਿੱਲੀ ਸੱਦੋ। ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨੀ ਤੇ ਬੜੇ ਆਦਰ ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲੈ ਆਉਣਾ। ਕੀਰਤਪੁਰ ਦੇ ਆਲੇ ਦੁਆਲੇ ਜਦ ਸੰਗਤਾਂ ਨੇ ਸੁਣਿਆ ਕਿ ਗੁਰੂ ਜੀ ਦਿੱਲੀ ਜਾ ਰਹੇ ਹਨ, ਤਾਂ ਗੁਰੂ ਸਾਹਿਬ ਕੋਲ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਹੌਂਸਲਾ ਦਿੱਤਾ, ਤਾਂ ਸੈਂਕੜੇ ਸਿੱਖ ਨਾਲ ਹੋ ਤੁਰੇ। ਕੀਰਤਪੁਰ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਆਪ ਜੀ ਨੇ ਆਪਣੇ ਦਾਦਾ ਬਾਬਾ ਗੁਰਦਿੱਤਾ ਜੀ ਦੇ ਛੋਟੇ ਵੀਰ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੂੰ ਪਟਨੇ ਤੋਂ ਦਿੱਲੀ ਬੁਲਾਵਾ ਭੇਜਿਆ।

ਜਦੋਂ ਆਪ ਜੀ ਅੰਬਾਲੇ ਜ਼ਿਲ੍ਹੇ ਦੇ ਇਲਾਕੇ ਪੰਜੋਖਰੇ ਪਹੁੰਚੇ ਤਾਂ ਉਥੇ ਦਾ ਰਹਿਣ ਵਾਲਾ ਇਕ ਪੰਡਿਤ ਲਾਲ ਚੰਦ ਸੀ। ਉਹ ਬਾਲ ਗੁਰੂ ਨੂੰ ਦੇਖ ਕੇ ਬਹੁਤ ਖਿਝਿਆ ਹੋਇਆ, ਸਿੱਖਾਂ ਨੂੰ ਸੁਣਾ-ਸੁਣਾ ਕੇ ਆਖਣ ਲੱਗਾ ਕਿ ਸਿੱਖ ਗੁਰੂ ਜੀ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਆਖਦੇ ਹਨ, ਜੇ ਇਹਨਾਂ ਵਿਚ ਸੱਚਮੁਚ ਕੋਈ ਆਤਮਕ ਤਾਕਤ ਹੈ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸਲੋਕ ਦੇ ਅਰਥ ਕਰ ਕੇ ਵਿਖਾਉਣ। ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪੰਡਤ ਲਾਲ ਚੰਦ ਦੀ ਗੁਰੂ ਘਰ ਪ੍ਰਤੀ ਕੁਬੋਲ ਆ ਦੱਸੇ। ਗੁਰੂ ਸਾਹਿਬ ਜੀ ਨੇ ਪੰਡਤ ਜੀ ਨੂੰ ਦਰਬਾਰ ਵਿਚ ਬੁਲਾਇਆ ਤੇ ਪੰਡਿਤ ਜੀ ਨੂੰ ਆਖਿਆ, "ਜੇ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਬਖਸ਼ਿਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੈ,ਤਾਂ ਕਿਸੇ ਵੀ ਸਿੱਖ ਨੂੰ ਲੈ ਆਵੋ, ਤੁਹਾਡੀ ਤਸੱਲੀ ਗੁਰੂ ਮਿਹਰ ਸਦਕਾ ਹੋ ਜਾਵੇਗੀ।" ਪੰਡਿਤ ਭਾਈ ਛੱਜੂ (ਝਿਉਰ) ਜੋ ਦੇਖਣ ਨੂੰ ਬਹੁਤ ਸਾਧਾਰਨ ਸਿੱਖ ਸੀ, ਪਰ ਜਗਨਨਾਥ ਪੁਰੀ (ਉੜੀਸਾ) ਦਾ ਮੁਖੀ ਪ੍ਰਚਾਰਕ ਸੀ, ਨੂੰ ਲੈ ਆਇਆ। ਇਹ ਸਿੱਖ ਲੰਗਰ ਵਿਚ ਪਾਣੀ ਦੀ ਸੇਵਾ ਕਰ ਰਿਹਾ ਸੀ। ਭਾਈ ਛੱਜੂ ਜੀ

ਇਕ ਉਘੇ ਵਿਦਵਾਨ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਣਾਉਣ ਲੱਗੇ। ਪੰਡਿਤ ਜੀ ਬੜੇ ਸ਼ਰਮਸਾਰ ਹੋਏ ਤੇ ਹੈਰਾਨ ਵੀ ਹੋਏ ਕਿ ਇਕ ਮਾਸ਼ਕੀ, ਜੇ ਇੰਨਾ ਵਿਦਵਾਨ ਹੈ ਤਾਂ ਬਾਕੀ ਸੰਗਤ ਦੀ ਕੀ ਅਵਸਥਾ ਹੋਵੇਗੀ, ਪ੍ਰਭਾਵਿਤ ਹੋ ਕੇ ਪਾਹੁਲ ਲੈ ਕੇ ਸਿੱਖੀ ਧਾਰਨ ਕੀਤੀ। ਪੰਜੋਖਰੇ ਤੋਂ ਗੁਰੂ ਜੀ ਨੇ ਉਘੇ ਸਿੱਖਾਂ ਤੋਂ ਬਿਨਾਂ, ਬਾਕੀ ਸਭ ਨੂੰ ਵਾਪਸ ਮੋੜ ਦਿੱਤਾ ਤੇ ਆਪ ਦਿੱਲੀ ਵੱਲ ਚੱਲ ਪਏ।

ਜਦੋਂ ਸੰਗਤ ਸਮੇਤ ਗੁਰੂ ਜੀ ਦਿੱਲੀ ਪੁੱਜੇ ਤਾਂ ਰਾਜਾ ਮਿਰਜ਼ਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਉਤਾਰਾ ਕਰਵਾਇਆ। ਉਸ ਥਾਂ ਹੁਣ ਬੰਗਲਾ ਸਾਹਿਬ ਗੁਰਦੁਆਰਾ ਹੈ। ਦਿੱਲੀ ਦੀ ਸੰਗਤ ਰੋਜ਼ ਰਾਜਾ ਜੈ ਸਿੰਘ ਦੇ ਬੰਗਲੇ ਪਹੁੰਚਦੀ, ਸਤਿਸੰਗ ਹੁੰਦਾ ਤੇ ਸੰਗਤਾਂ ਦਰਸ਼ਨ ਕਰਦੀਆਂ।

ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦੇ ਮੁਅੱਜ਼ਮ ਨੂੰ ਭੇਜਿਆ। ਉਸ ਨੂੰ ਗੁਰੂ ਜੀ ਨੇ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਰਾਮਰਾਇ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ। ਰਾਮ ਰਾਇ ਜੀ ਨੇ ਗੁਰਬਾਣੀ ਦੀ ਤੁਕ ਉਲਟਾਈ ਤੇ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ। ਇਸ ਵਿਚ ਕੋਈ ਵਧੀਕੀ ਨਹੀਂ ਤੇ ਨਾ ਹੀ ਕਿਸੇ ਨਾਲ ਬੇਇਨਸਾਫੀ ਹੈ। ਗੁਰੂ ਜੀ ਦੇ ਇਹ ਬਚਨ ਸੁਣ ਕੇ ਬਾਦਸ਼ਾਹ ਨੂੰ ਯਕੀਨ ਹੋ ਗਿਆ ਕਿ, ਰਾਮ ਰਾਇ ਜੀ ਨਾਲ ਕੋਈ ਵਧੀਕੀ ਨਹੀਂ ਹੋਈ।

ਗੁਰੂ ਜੀ ਅਜੇ ਦਿੱਲੀ ਵਿਚ ਹੀ ਸਨ ਕਿ ਸੰਨ 1664 ਵਿਚ ਚੇਚਕ ਦੀ ਬੀਮਾਰੀ ਫੈਲ ਗਈ। ਗੁਰੂ ਜੀ ਨੇ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਦਸਵੰਧ ਦੀ ਭੇਟਾ ਨੂੰ ਇਸ ਸੇਵਾ ਲਈ ਵਰਤਿਆ ਗਿਆ। ਜਿਥੇ ਵੀ ਚੇਚਕ ਤੇ ਹੋਰ ਬੀਮਾਰੀਆਂ ਦਾ ਜ਼ੋਰ ਸੀ, ਗੁਰੂ ਜੀ ਉਹਨਾਂ ਇਲਾਕਿਆਂ ਵਿਚ ਆਪ ਗਏ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਉਹੋ ਦਵਾਖਾਨਾ ਨਾਲ ਲਿਆਏ ਸਨ, ਜਿਹੜਾ ਕਿ ਪੰਜਵੇਂ ਪਾਤਸ਼ਾਹ ਦੇ ਵੇਲੇ ਸਥਾਪਿਤ ਹੋ ਚੁੱਕਾ ਸੀ। ਇਸ ਦਾ ਬਹੁਤ ਵੱਡਾ ਵਿਸਥਾਰ ਗੁਰੂ ਹਰਿਰਾਇ ਜੀ ਨੇ ਕੀਤਾ ਸੀ। ਗੁਰੂ ਦਰਸ਼ਨ ਨੂੰ ਆ ਰਹੀਆਂ ਸੰਗਤਾਂ ਦੀ ਆਵਾਜਾਈ ਬਹੁਤ ਵਧ ਗਈ। ਹਜ਼ਾਰਾਂ ਦੀ ਗਿਣਤੀ ਵਿਚ ਜਗਿਆਸੂ ਆਉਣ ਲੱਗ ਪਏ ਅਤੇ ਉਹਨਾਂ ਸਿੱਖੀ ਧਾਰਨ ਕਰਨ ਲਈ ਬੇਨਤੀ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਇਕੋ ਵੇਲੇ ਕਈਆਂ ਨੂੰ ਸਿੱਖ ਸਜਾਉਣ ਹਿਤ ਇਕ ਚੁਬੱਚਾ ਤਿਆਰ ਕਰਵਾਇਆ। ਸਿੱਖ ਸਜਾਉਣ ਲਈ ਅੰਮ੍ਰਿਤ ਸੰਸਕਾਰ ਲਈ ਔਖਿਆਈ ਸੌਖੇ ਹੀ ਹੱਲ ਹੋ ਗਈ। ਚੁਬੱਚੇ ਵਿਚ ਪਾਹੁਲ (ਅੰਮ੍ਰਿਤ) ਤਿਆਰ ਕੀਤੀ। ਸੰਗਤ ਰੂਪ ਵਿਚ ਸਭ ਨੂੰ ਗੁਰ ਉਪਦੇਸ਼ ਦ੍ਰਿੜ੍ਹ ਕਰਵਾ ਕੇ ਸਿੱਖ ਸਜਾਇਆ।

ਚੇਚਕ ਦੀ ਮਹਾਂਮਾਰੀ ਤਾਂ ਸ਼ਹਿਰ ਵਿਚ ਫੈਲੀ ਹੋਈ ਸੀ। ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਵੀ ਬੜੇ ਜ਼ੋਰ ਦਾ ਬੁਖਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਉੱਤੇ ਚੇਚਕ ਦੇ ਲੱਛਣ ਦਿਸਣ ਲੱਗ ਪਏ। ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ 7 ਅਪ੍ਰੈਲ 1664 ਨੂੰ ਦਿੱਲੀ ਪੁੱਜੇ। ਸਤਿਗੁਰੂ ਜੀ ਨੇ ਆਪਣਾ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 8 ਅਪ੍ਰੈਲ 1664 ਨੂੰ ਗੁਰਿਆਈ ਦੀ

ਜ਼ਿੰਮੇਵਾਰੀ ਸਮਝਾ ਕੇ ਬਕਾਲੇ ਜਾਣ ਦੀ ਆਗਿਆ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 16 ਅਪ੍ਰੈਲ ਸੰਨ 1664 ਨੂੰ "ਬਾਬਾ ਬਸੈ ਗਰਾਮ ਬਕਾਲੇ" ਕਹਿ ਕੇ ਜੋਤੀ ਜੋਤ ਸਮਾ ਗਏ। ਜਿਸ ਦਾ ਭਾਵ ਇਹ ਸੀ ਕਿ ਗੁਰਗੱਦੀ ਦਾ ਵਾਰਸ ਬਾਬਾ ਬਕਾਲੇ ਵਿਚ ਹੈ। ਜਿੱਥੇ ਜਮਨਾ ਦੇ ਕੰਢੇ ਆਪ ਜੀ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਸ ਥਾਂ ਤੇ ਹੁਣ ਗੁਰਦੁਆਰਾ ਬਾਲਾ ਸਾਹਿਬ ਹੈ।

***

3. ਮਾਤਾ ਕਿਸ਼ਨ ਕੌਰ ਜੀ

ਗੁਰੂ ਘਰ ਵਿਚ ਸਦਾ ਹੀ ਔਰਤਾਂ ਨੂੰ ਸਨਮਾਨਯੋਗ ਰੁਤਬਾ ਹਾਸਲ ਰਿਹਾ ਹੈ। ਨਿਰਾ ਗੁਰੂ ਘਰ ਹੀ ਕਿਉਂ, ਸਿਖ ਸਮਾਜ ਵਿਚ ਵੀ ਗੁਰੂ ਨਾਨਕ ਸਾਹਿਬ ਤੋਂ ਹੀ ਔਰਤ ਬਰਾਬਰ ਤੇ ਭਾਈਵਾਲ ਬਣ ਕੇ ਸਾਰੇ ਕੰਮ-ਕਾਜ ਨਿਭਾਉਂਦੀ ਰਹੀ ਹੈ। ਸਮੇਂ ਦੇ ਲੰਘਣ ਦੇ ਨਾਲ-ਨਾਲ ਇਹ ਜ਼ਿੰਮੇਵਾਰੀਆਂ ਵੱਧਦੀਆਂ ਹੀ ਗਈਆਂ। ਮਾਤਾ ਤ੍ਰਿਪਤਾ ਜੀ ਵੱਲੋਂ ਪਿੱਛੇ ਰਹਿ ਕੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਤੋਂ ਸ਼ੁਰੂ ਹੋ ਕੇ ਮਾਤਾ ਸਾਹਿਬ ਕੌਰ ਰਾਹੀ ਖ਼ਾਲਸੇ ਦੀ ਮਾਤਾ ਬਨਣ ਤੱਕ ਦੇ ਅਦਭੁੱਤ ਸਫ਼ਰ ਵਿਚ ਗੁਰੂ ਮਹਿਲਾਂ, ਗੁਰੂ ਭੈਣਾਂ, ਗੁਰੂ ਮਾਵਾਂ ਅਤੇ ਗੁਰੂ ਪੁੱਤਰੀਆਂ ਦਾ ਅਹਿਮ ਸਥਾਨ ਰਿਹਾ ਹੈ। ਇਨ੍ਹਾਂ ਹੀ ਗੁਰੂ ਮਾਵਾਂ ਅਤੇ ਗੁਰੂ ਮਹਿਲਾਂ ਵਾਲੇ ਮਾਣ ਭਰੇ ਨਾਵਾਂ ਵਿਚੋਂ ਇਕ ਨਾਮ ਹੈ ਮਾਤਾ ਕਿਸ਼ਨ ਕੌਰ ਜੀ।

ਮਾਤਾ ਕਿਸ਼ਨ ਕੌਰ, ਗੁਰੂ ਹਰਿ ਰਾਇ ਜੀ ਦੀ ਸੁਪਤਨੀ ਅਤੇ ਗੁਰੂ ਹਰਿ ਕਿਸ਼ਨ ਜੀ ਦੀ ਮਾਤਾ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੁਯੋਗ ਸਪੁੱਤਰ ਬਾਬਾ ਗੁਰਦਿਤਾ ਜੀ ਆਪ ਦੇ ਧਰਮ ਪਿਤਾ (ਸਹੁਰਾ) ਸਨ। ਆਪ ਜੀ ਦੇ ਪਿਤਾ ਭਾਈ ਦਇਆ ਰਾਮ ਇਕ ਸਿਦਕੀ ਅਤੇ ਦ੍ਰਿੜ੍ਹ ਗੁਰਸਿੱਖ ਸਨ, ਜੋ ਕਿ ਅਰੂਪ ਨਗਰੀ, ਜ਼ਿਲ੍ਹਾ ਗੁਜ਼ਰਾਂਵਾਲਾ (ਪਾਕਿਸਤਾਨ-ਪੰਜਾਬ) ਦੇ ਵਸਨੀਕ ਸਨ। ਆਪ ਜੀ ਨੇ ਦੋ ਸਪੁੱਤਰਾਂ ਬਾਬਾ ਰਾਮਰਾਇ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਅਤੇ ਇਕ ਸਪੁੱਤਰੀ ਬੀਬੀ ਰੂਪ ਕੌਰ ਜੀ ਨੂੰ ਜਨਮ ਦਿੱਤਾ।

ਮਾਤਾ ਕਿਸ਼ਨ ਕੌਰ ਜੀ ਦੀ ਗੁਰੂ ਘਰ ਵਿਚਲੀ ਜ਼ਿੰਦਗੀ ਤੇ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਆਪ ਜੀ ਜਿੱਥੇ ਪੇਕੇ ਘਰੋਂ ਗੁਰਮਤਿ ਸੰਸਕਾਰਾਂ ਨਾਲ ਭਰੇ ਹੋਏ ਆਏ ਸਨ, ਉੱਥੇ ਉਨ੍ਹਾਂ ਸੰਸਕਾਰਾਂ ਦੇ ਨਾਲ-ਨਾਲ ਗੁਰੂ ਘਰ ਵਿਚੋਂ ਮਾਤਾ ਨਾਨਕੀ ਜੀ (ਸੁਪਤਨੀ ਗੁਰੂ ਹਰਿਗੋਬਿੰਦ ਸਾਹਿਬ ਜੀ) ਅਤੇ ਮਾਤਾ ਨਿਹਾਲ ਕੌਰ ਸੱਸ (ਗੁਰੂ ਹਰਿ ਰਾਇ ਸਾਹਿਬ ਜੀ ਦੇ ਮਾਤਾ) ਜੀ ਪਾਸੋਂ ਲਏ ਸੰਸਕਾਰਾਂ ਦੇ ਨਾਲ ਆਪ ਜੀ ਦਾ ਜੀਵਨ ਨਿੱਖਰ ਆਇਆ। ਆਪ ਜੀ ਆਦਰਸ਼ ਸੁਪਤਨੀ, ਸੁਚੱਜੀ ਗੁਰੂ ਮਾਤਾ, ਸਿਦਕਵਾਨ ਅਤੇ ਸੁਘੜ ਸੇਵਿਕਾ ਦੇ ਤੌਰ ਤੇ ਉਭਰੇ।

ਗੁਰੂ ਹਰਿ ਰਾਇ ਸਾਹਿਬ ਜੀ ਸਭ ਨੂੰ ਇਹ ਉਪਦੇਸ਼ ਦਿੰਦੇ "ਬਾਣੀ ਦਾ ਵੀਚਾਰ ਅਤੇ ਸਤਿਕਾਰ ਕਰੋ ਨਾਮ ਜਪੋ ਤੇ ਹੋਰਨਾਂ ਨੂੰ ਜਪਾਓ। ਕਦੇ ਆਪਣੇ ਆਪ ਦੀ ਸ਼ੋਭਾ ਨਾ ਕਰੋ। ਲੰਗਰ ਚਲਦਾ। ਹਰ ਕੋਈ ਰੱਜ ਕੇ ਖਾਵੇ ਤੇ ਰਾਜ਼ੀ ਜਾਵੇ। ਮੇਰਾ ਰੂਪ ਜਾਣਕੇ ਹਰ ਇਕ ਦੀ ਸੇਵਾ ਕਰਨੀ।"

ਮਾਤਾ ਕਿਸ਼ਨ ਕੌਰ ਜੀ ਨੇ ਗੁਰੂ ਪਤੀ ਦੇ ਇਸ ਉਪਦੇਸ਼ ਨੂੰ ਘੁਟ ਕੇ ਪੱਲੇ ਬੰਨ੍ਹ ਲਿਆ

ਤੇ ਮੁੜ ਸਾਰੀ ਜ਼ਿੰਦਗੀ ਗੁਰੂ ਘਰ ਦੀ ਸੇਵਿਕਾ ਬਣੀ ਰਹੀ। ਗੁਰੂ ਘਰ ਦੇ ਲੰਗਰ ਦੀ ਦੇਖਭਾਲ ਕਰਦੇ ਤੇ ਰਾਜ਼ੀ ਹੁੰਦੇ।

ਸੱਤਵੇਂ ਪਾਤਸ਼ਾਹ ਦਾ ਬਹੁਤਾ ਸਮਾਂ ਪ੍ਰਚਾਰਕ ਦੌਰਿਆਂ ਵਿਚ ਲੰਘਿਆ ਸੀ। ਬਹੁਤ ਸਮਾਂ ਮਾਤਾ ਕਿਸ਼ਨ ਕੌਰ ਜੀ ਨਾਲ ਹੀ ਰਹੇ। ਗੁਰੂ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਦੇ ਸੁਯੋਗ ਇੰਤਜ਼ਾਮ ਦਾ ਜ਼ਿੰਮਾ ਸਦਾ ਆਪ ਦੇ ਜ਼ਿੰਮੇ ਰਿਹਾ। ਇਸ ਤੋਂ ਇਲਾਵਾ ਕੀਰਤਪੁਰ ਚੱਲਦੇ ਵਿਸ਼ਾਲ ਦਵਾਖਾਨੇ ਵਿਚ ਆਉਣ ਵਾਲੇ ਮਰੀਜ਼ਾਂ ਦੀ ਦੇਖਭਾਲ ਵੀ ਆਪ ਖੁਦ ਕਰਦੇ। ਹਰ ਕੋਈ ਆਪ ਜੀ ਦੇ ਇਕ ਸਮਾਨ ਵਰਤਾਰੇ, ਮਿੱਠਬੋਲੜੇ ਅਤੇ ਨਿਮਰ ਸੁਭਾਅ ਕਾਰਨ ਆਪ ਜੀ ਦੀ ਤਾਰੀਫ਼ ਕਰਦਾ ਨਹੀ ਸੀ ਥੱਕਦਾ।

ਜਨੂੰਨੀ ਮੁਸਲਮਾਨਾਂ ਦੀ ਚੁੱਕ ਵਿਚ ਆ ਕੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਦੀ ਮੱਦਦ ਦੇ ਇਲਜ਼ਾਮ ਵਿਚ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਦਿੱਲੀ ਬੁਲਾਇਆ। ਔਰੰਗਜ਼ੇਬ ਦੀ ਤਸੱਲੀ ਕਰਾਉਣ ਹਿਤ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜਾਦੇ ਬਾਬਾ ਰਾਮ ਰਾਇ ਨੂੰ ਕੁੱਝ ਮੁਖੀ ਸਿਖਾਂ ਸਮੇਤ ਦਿੱਲੀ ਭੇਜਿਆ। ਬਾਬਾ ਰਾਮ ਰਾਇ ਨੂੰ ਹਕੂਮਤ ਖਰੀਦਣ ਵਿਚ ਕਾਮਯਾਬ ਹੋ ਗਈ ਕਿਉਂਕਿ ਹਕੂਮਤ ਇਹ ਜਾਣਦੀ ਸੀ ਕਿ ਗੁਰੂਘਰ ਨੂੰ ਕਮਜ਼ੋਰ ਕੀਤੇ ਬਿਨਾਂ ਸਾਰਾ ਹਿੰਦੁਸਤਾਨ ਮੁਸਲਮਾਨ ਨਹੀ ਬਣਾਇਆ ਜਾ ਸਕਦਾ। ਇਸ ਲਈ ਜਦ ਗੁਰੂ ਹਰਿ ਰਾਇ ਜੀ ਜੋਤੀ ਜੋਤ ਸਮਾਏ, ਤਾਂ ਗੁਰਗੱਦੀ ਛੋਟੇ ਪੁੱਤਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਸੋਂਪ ਦਿੱਤੀ ਗਈ। ਆਪ ਜੀ ਨੇ ਗੁਰੂ ਹੁਕਮ ਸਮਝ ਪੰਜ ਕੁ ਵਰਿਆਂ ਦੇ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਲੱਕ ਬੰਨ੍ਹ ਲਿਆ।

ਆਖਰ ਵਿਚ ਅਸੀਂ ਇਹੋ ਕਹਿ ਸਕਦੇ ਹਾਂ ਕਿ ਆਪ ਜੀ ਦੇ ਜੀਵਨ ਤੇ ਸਿੱਖੀ ਦਾ ਗੂੜਾ ਰੰਗ ਚੜ੍ਹਿਆ ਹੋਇਆ ਸੀ। ਆਪ ਗੁਰੂ ਘਰ ਨਾਲ ਆਪਣੇ ਸਾਰੇ ਰਿਸ਼ਤਿਆਂ ਨੂੰ ਨਿਭਾਉਣ ਤੋਂ ਵੀ ਵੱਧ ਇਕ ਗੁਰਸਿੱਖ ਦੇ ਰਿਸ਼ਤੇ ਨੂੰ ਨਿਭਾਉਂਦੇ ਸਨ। ਸਿੱਖ ਇਸਤਰੀ ਲਈ ਆਪ ਜੀ ਦਾ ਜੀਵਨ ਇਕ ਚਾਨਣ ਮੁਨਾਰਾ ਹੈ। ***

4. ਦਵਾਖਾਨਾ

ਗੁਰੂ ਘਰ ਸ਼ੁਰੂ ਤੋਂ ਹੀ ਗੁਰਸਿੱਖਾਂ ਦੇ ਮਾਨਸਿਕ ਅਤੇ ਸਰੀਰਕ ਦੋਹਾਂ ਤਰ੍ਹਾਂ ਦੇ ਰੋਗਾਂ ਪ੍ਰਤੀ ਸਦਾ ਸੁਚੇਤ ਰਿਹਾ। ਆਤਮਿਕ ਗਿਆਨ ਦੇ ਨਾਲ ਨਾਲ ਗੁਰੂ ਸਾਹਿਬਾਨ ਰੋਜ਼ਾਨਾ ਇਸ਼ਨਾਨ ਅਤੇ ਸੇਵਾ ਵਰਗੇ ਕਰਮਾਂ ਰਾਹੀਂ ਸਰੀਰ ਨੂੰ ਸੋਹਣੀ ਤਰ੍ਹਾਂ ਸੰਭਾਲਣ ਦਾ ਉਪਦੇਸ਼ ਦ੍ਰਿੜ ਕਰਾਉਂਦੇ ਰਹੇ। ਗੁਰੂ ਨਾਨਕ ਪਾਤਸ਼ਾਹ ਖੁੱਦ ਕੋਹੜ ਵਰਗੇ ਛੂਤ ਦੇ ਰੋਗ ਵਾਲੇ ਰੋਗੀਆਂ ਤੱਕ ਪਹੁੰਚ ਕੇ ਉਨ੍ਹਾਂ ਦੇ ਰੋਗ ਨਿਵਾਰਣ ਅਤੇ ਯੋਗ ਸਾਂਭ ਸੰਭਾਲ ਲਈ ਯਤਨ ਕਰਦੇ ਰਹੇ। ਗੁਰੂ ਅਮਰਦਾਸ ਜੀ ਦੇ ਸਮੇਂ ਭਾਈ ਪਾਰੋ ਜੀ ਰਾਹੀਂ ਗੁਰੂ ਘਰ ਨਾਲ ਜੁੜੇ ਭਾਈ ਲਾਲੂ ਵਰਗੇ ਪ੍ਰਸਿੱਧ ਅਤੇ ਤਈਏ ਤਾਪ ਵਰਗੀਆਂ ਲਾਇਲਾਜ ਬਿਮਾਰੀਆਂ ਨੂੰ ਠੀਕ ਕਰਨ ਵਾਲੇ ਵੈਦਾਂ ਦੀਆਂ ਸੇਵਾਵਾਂ ਗੁਰੂ ਘਰ ਨੂੰ ਹਾਸਲ ਰਹੀਆਂ। ਪੰਚਮ ਪਾਤਸ਼ਾਹ ਵੇਲੇ ਖੁੱਲਿਆ ਤਰਨਤਾਰਨ ਦਾ ਕੋਹੜੀ ਆਸ਼ਰਮ ਗੁਰੂ ਘਰ ਦੇ ਸੁਚੱਜੇ ਸਰੀਰ ਸੰਭਾਲ ਦੇ

ਪ੍ਰਬੰਧ ਦੀ ਮੂੰਹੋਂ ਬੋਲਦੀ ਤਸਵੀਰ ਰਹੀ। ਪੰਚਮ ਪਾਤਸ਼ਾਹ ਅਤੇ ਛੇਵੇਂ ਪਾਤਸ਼ਾਹ ਵੇਲੇ ਫੈਲੀਆਂ ਮਹਾਂਮਾਰੀਆਂ ਸਮੇਂ ਗੁਰੂ ਸਾਹਿਬ ਖੁੱਦ ਬਿਨਾਂ ਵਿਤਕਰੇ ਰੋਗੀਆਂ ਤੱਕ ਪਹੁੰਚ ਕੇ ਰੋਗੀਆਂ ਦੀ ਯੋਗ ਸਾਂਭ ਸੰਭਾਲ ਕਰਦੇ ਰਹੇ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਨੇ ਇਸ ਪੱਖੋਂ ਉਚੇਚਾ ਧਿਆਨ ਦੇ ਕੇ ਕੀਰਤਪੁਰ ਸਾਹਿਬ ਵਿਖੇ ਇਕ ਵੱਡਾ ਅਤੇ ਸਹੂਲਤਾਂ ਭਰਪੂਰ ਦਵਾਖਾਨਾ ਸਥਾਪਿਤ ਕੀਤਾ। ਨਾਮੀ ਗਰਾਮੀ ਵੈਦਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਅਤੇ ਇਸ ਦਵਾਖਾਨੇ ਨੂੰ ਦੁਰਲੱਭ ਦਵਾਈਆਂ ਦਾ ਭੰਡਾਰ ਬਣਾਇਆ। ਕਿਵੇਂ ਦੁਰਲੱਭ ਦਵਾਈਆਂ ਵੀ ਬਿਨਾਂ ਵਿਤਕਰੇ ਤੋਂ ਰੋਗੀਆਂ ਲਈ ਵਰਤੀਆਂ ਜਾਦੀਆਂ, ਇਹ ਦਾਰਾ ਸ਼ਿਕੋਹ ਦੀ ਬਿਮਾਰੀ ਦੀ ਘਟਨਾ ਤੋਂ ਚੰਗੀ ਤਰ੍ਹਾਂ ਉਜਾਗਰ ਹੁੰਦਾ ਹੈ:

ਦਾਰਾ ਸ਼ਿਕੋਹ ਨੂੰ ਉਸਦੇ ਭਰਾ ਔਰੰਗਜ਼ੇਬ ਨੇ ਮਾਰਨ ਲਈ ਸ਼ੇਰ ਦੀ ਮੁੱਛ ਦਾ ਵਾਲ ਖਾਣੇ ਨਾਲ ਖਿਲਾ ਦਿੱਤਾ। ਜਿਸ ਨਾਲ ਉਸ ਨੂੰ ਅਜੀਰਣ ਦੀ ਬਿਮਾਰੀ ਹੋ ਗਈ, ਸ਼ਾਹੀ ਹਕੀਮਾਂ ਦੇ ਪੂਰਾ ਜ਼ੋਰ ਲਾਉਣ ਤੇ ਵੀ ਬਿਮਾਰੀ ਹੱਟ ਨਹੀਂ ਸੀ ਰਹੀ। ਦਾਰਾ ਸ਼ਿਕੋਹ ਦੇ ਪਿਤਾ ਬਾਦਸ਼ਾਹ ਸ਼ਾਹ ਜਹਾਨ ਨੂੰ ਸ਼ਾਹੀ ਹਕੀਮਾਂ ਨੇ ਕਿਹਾ ਕਿ ਇਹ ਬਿਮਾਰੀ ਠੀਕ ਕਰਨ ਲਈ ਤਿੰਨ ਚੀਜ਼ਾਂ ਦੀ ਲੋੜ ਹੈ। ਇਕ ਵੱਡੀ ਖਾਸ ਵਜ਼ਨ ਦੀ ਹਰੜ, ਇਕ ਮਾਸੇ ਦਾ ਲੌਂਗ ਤੇ ਗਜਮੋਤੀ।

ਬਾਦਸ਼ਾਹ ਨੇ ਤਿੰਨੇ ਚੀਜ਼ਾਂ ਲਈ ਹਿੰਦੁਸਤਾਨ ਦੇ ਸਾਰੇ ਦਵਾਖ਼ਾਨਿਆਂ ਤੋਂ ਪਤਾ ਕੀਤਾ ਪਰ ਇਹ ਤਿੰਨੇ ਦਵਾਈਆਂ ਕਿਤੇ ਨਾ ਮਿਲੀਆਂ, ਅਖੀਰ ਸ਼ਾਹੀ ਹਕੀਮਾਂ ਦੱਸ ਪਾਈ ਕਿ ਇਹ ਤਿੰਨੇ ਗੁਰੂ ਹਰਿਰਾਇ ਸਾਹਿਬ ਜੀ ਦੇ ਕੀਰਤਪੁਰ ਸਾਹਿਬ ਵਾਲੇ ਦਵਾਖ਼ਾਨੇ ਵਿਚੋਂ ਜ਼ਰੂਰ ਮਿਲ ਜਾਣਗੀਆਂ। ਸ਼ਾਹ ਜਹਾਨ ਨੇ ਗੁਰੂ ਸਾਹਿਬ ਵੱਲ ਇਕ ਬੇਨਤੀ ਪੱਤਰ ਦਵਾਈ ਲਈ ਭਿਜਵਾਇਆ ਤਾਂ ਗੁਰੂ ਸਾਹਿਬ ਨੇ ਉਸੇ ਵੇਲੇ ਤਿੰਨੇ ਚੀਜ਼ਾਂ ਭਿਜਵਾ ਦਿੱਤੀਆਂ। ਹਰੜ ਦਾ ਇਹ ਗੁਣ ਸੀ ਕਿ ਇਸਨੂੰ ਹੱਥ ਵਿਚ ਲੈਂਦਿਆਂ ਹੀ ਬਿਮਾਰੀ ਘਟਣ ਲੱਗ ਪੈਂਦੀ ਸੀ। ਲੌਂਗ ਨਾਲ ਠੰਢ ਪੈਂਦੀ ਸੀ ਅਤੇ ਗਜਮੋਤੀ ਖਾਣ ਨਾਲ ਬਿਮਾਰੀ ਸਦਾ ਲਈ ਦੂਰ ਹੋ ਜਾਂਦੀ ਸੀ। ਦਾਰਾ ਸ਼ਿਕੋਹ ਪਰਮਾਤਮਾ ਦੇ ਭੈਅ ਵਾਲਾ ਸੀ ਅਤੇ ਗੁਰੂ ਘਰ ਤੇ ਇਤਬਾਰ ਰਖਦਾ ਸੀ ਸੋ ਦਾਰਾ ਸ਼ਿਕੋਹ ਨੇ ਪੂਰੇ ਭਰੋਸੇ ਨਾਲ ਗੁਰੂ ਸਾਹਿਬ ਜੀ ਦੀ ਭੇਜੀ ਦਵਾਈ ਖਾਧੀ ਤੇ ਦਿਨਾਂ ਵਿਚ ਹੀ ਰਾਜ਼ੀ ਹੋ ਗੁਰੂ ਸਾਹਿਬ ਜੀ ਤੋਂ ਅਸੀਸਾਂ ਲੈਣ ਲਈ ਕੀਰਤਪੁਰ ਸਾਹਿਬ ਵਿਖੇ ਆਇਆ। ਗੁਰੂ ਸਾਹਿਬ ਜੀ ਦਵਾਖ਼ਾਨੇ ਵਿਚ ਆਏ ਰੋਗੀਆਂ ਦਾ ਕਿਸ ਕਦਰ ਆਪ ਨਿਜੀ ਤੌਰ ਤੇ ਖਿਆਲ ਰਖਦੇ ਸਨ, ਇਹ ਹੇਠਲੀ ਘਟਨਾ ਤੋਂ ਜ਼ਾਹਿਰ ਹੈ।

ਇਕ ਵਾਰ ਇਕ ਮਰੀਜ਼ ਦੇ ਪੂਰੇ ਸਰੀਰ ਉੱਤੇ ਰੋਗ ਫੈਲਿਆ ਹੋਇਆ ਸੀ। ਉਸ ਨੂੰ ਤਕਰੀਬਨ ਹਰ ਪਾਸਿਓ ਜੁਆਬ ਹੋ ਚੁਕਿਆ ਸੀ। ਉਸ ਦੇ ਘਰਵਾਲੇ ਉਸ ਨੂੰ ਮੰਜੀ ਤੇ ਪਾ ਕੇ ਗੁਰੂ ਸਾਹਿਬ ਦੇ ਦਰ ਤੇ ਲੈ ਕੇ ਆਏ ਕਿ ਇਥੋਂ ਆਰਾਮ ਆ ਜਾਵੇ ਤਾਂ ਠੀਕ ਹੈ ਨਹੀਂ ਤਾਂ ਫਿਰ ਰੱਬ ਰਾਖਾ। ਉਸ ਨੂੰ ਗੁਰੂ ਸਾਹਿਬ ਜੀ ਬਾਰੇ ਪਹਿਲਾਂ ਹੀ ਪਤਾ ਸੀ। ਜਿਸ ਵੇਲੇ ਉਸਨੂੰ ਲੈ ਕੇ ਮਹਿਲਾਂ ਅੱਗੋਂ ਲੰਘ ਕੇ ਦਵਾਖ਼ਾਨੇ ਲੈ ਜਾਣ ਲੱਗੇ ਤਾਂ ਉਸ ਰੌਲਾ ਪਾ ਦਿੱਤਾ ਕਿ ਪਹਿਲਾਂ ਮੈਨੂੰ ਗੁਰੂ ਸਾਹਿਬ ਜੀ ਦੇਖ ਲੈਣ। ਸਭ ਨੇ ਸਮਝਾਇਆ ਕਿ ਇਸ ਵਕਤ ਗੁਰੂ ਸਾਹਿਬ ਜੀ ਦੇ ਆਰਾਮ ਕਰਨ ਦਾ ਸਮਾਂ ਹੈ ਸੋ ਆਪੇ ਉਹ ਸ਼ਾਮ ਨੂੰ ਰੋਗੀਆਂ ਨੂੰ ਵੇਖਣ

ਆਉਣਗੇ, ਪਰ ਉਹ ਆਖੇ ਕਿ ਨਹੀਂ, ਪਹਿਲਾਂ ਗੁਰੂ ਸਾਹਿਬ ਜੀ ਮੈਨੂੰ ਦੇਖ ਕੇ ਕਹਿ ਦੇਣ ਕਿ ਇਸ ਦਾ ਰੋਗ ਰਾਜ਼ੀ ਹੋ ਸਕਦਾ ਹੈ, ਮੈਂ ਤਾਂ ਹੀ ਦਵਾਖ਼ਾਨੇ ਜਾਵਾਂਗਾ। ਰੌਲਾ ਸੁਣ ਕੇ ਗੁਰੂ ਸਾਹਿਬ ਜੀ ਵੀ ਬਾਹਰ ਆ ਗਏ ਤੇ ਪੁੱਛਣ ਲੱਗੇ ਕਿ ਕੀ ਗੱਲ ਹੈ। ਨਾਲ ਆਏ ਬੰਦਿਆਂ ਨੇ ਬਿਮਾਰੀ ਵੀ ਦੱਸੀ ਅਤੇ ਰੋਗੀ ਦੀ ਜ਼ਿਦ ਬਾਰੇ ਵੀ ਦਸਿਆ। ਗੁਰੂ ਸਾਹਿਬ ਜੀ ਨੇ ਫੁਰਮਾਇਆ ਕਿ ਐਸੇ ਵਕਤ ਸਾਡੇ ਆਰਾਮ ਨਾਲੋਂ ਜ਼ਿਆਦਾ ਫਿਕਰ ਰੋਗੀ ਦਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਜੀ ਨੇ ਪਿਆਰ ਅਤੇ ਮਿਹਰ ਭਰੀ ਨਜ਼ਰ ਨਾਲ ਰੋਗੀ ਵੱਲ ਵੇਖਦਿਆਂ ਜਦੋਂ ਅਸੀਸ ਦਿਤੀ ਤਾਂ ਉਹ ਚਰਨਾਂ ਤੇ ਝੁਕਣ ਲਈ ਇਕ ਦਮ ਉਠ ਬੈਠਾ। ਕਹਿਣ ਲੱਗਾ, "ਮੈਂ ਕਿਹਾ ਸੀ ਕਿ ਜੇ ਗੁਰੂ ਸਾਹਿਬ ਜੀ ਮਿਹਰ ਦੀ ਨਜ਼ਰ ਕਰ ਦੇਣ ਤਾਂ ਮੈਂ ਠੀਕ ਹੋ ਜਾਵਾਂਗਾ, ਹੁਣ ਮੈਂ ਜ਼ਰੂਰ ਹੀ ਠੀਕ ਹੋ ਜਾਵਾਂਗਾ, ਆਪ ਜੀ ਆਪ ਬਹੁੜ ਪਏ ਹੋ ਹੁਣ ਮੈਨੂੰ ਕੋਈ ਚਿੰਤਾ ਨਹੀਂ।"

ਗੁਰੂ ਪਾਤਸ਼ਾਹ ਨੇ ਜਿਥੇ ਦੁਰਲੱਭ ਦਵਾਈਆਂ ਅਤੇ ਸਿਆਣੇ ਵੈਦਾਂ ਦਾ ਪ੍ਰਬੰਧ ਕੀਤਾ, ਉਥੇ ਹਰ ਰੋਗੀ ਤੱਕ ਆਪ ਪਹੁੰਚ ਕੇ ਉਸ ਦੀ ਮਨ ਆਤਮਾ ਦੀ ਅਰੋਗਤਾ ਦਾ ਖਿਆਲ ਵੀ ਖੁੱਦ ਕਰਦੇ। ਰੋਗੀ ਸਿਰਫ ਸਰੀਰੋਂ ਹੀ ਰਾਜ਼ੀ ਨਾ ਹੁੰਦਾ ਸਗੋਂ ਮਨੋਂ ਵੀ ਰਾਜ਼ੀ ਹੋ ਜਾਂਦਾ।

***

5. ਗਰੀਬਾਂ ਨਾਲ ਪਿਆਰ

ਗੁਰੂ ਹਰਿਰਾਇ ਸਾਹਿਬ ਜੀ ਦਾ ਸਮਾਂ ਸਿੱਖੀ ਨੂੰ ਸੰਵਾਰਨ ਲਈ ਟਿਕਾਉ ਦਾ ਸਮਾਂ ਸੀ। ਇਸ ਟਿਕਾਉ ਵਾਲੇ ਸਮੇਂ ਨੂੰ ਆਪ ਜੀ ਨੇ ਸਮਾਜਿਕ ਸੁਧਾਰਾਂ ਅਤੇ ਗੁਰਮਤਿ ਪ੍ਰਚਾਰ ਰਾਹੀਂ ਸਿੱਖੀ ਦੇ ਬੂਟੇ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਰਤਿਆ। ਆਪ ਜੀ ਦੇ ਵੇਲੇ ਹੀ ਭਗਤ ਭਗਵਾਨ ਗਿਰਿ, ਜੋ ਬਿਹਾਰ ਦੇ ਰਹਿਣ ਵਾਲੇ ਸਨ, ਆਪਣੇ 365 ਡੇਰਿਆਂ ਦੇ ਮੁਖੀਆਂ ਸਮੇਤ ਗੁਰੂ ਹਰਿਰਾਇ ਸਾਹਿਬ ਜੀ ਕੋਲ ਕੀਰਤਪੁਰ ਸਾਹਿਬ ਆਏ, ਅਤੇ ਗੁਰੂ ਘਰ ਦੀ ਮਰਿਯਾਦਾ ਅਤੇ ਗੁਰਮਤਿ ਸਿਧਾਂਤ ਤੋਂ ਪ੍ਰਭਾਵਤ ਹੋ ਕੇ ਸਭ ਨੇ ਸਿੱਖੀ ਧਾਰਣ ਕੀਤੀ। ਅੱਜ ਵੀ ਉਨ੍ਹਾਂ ਦੇ 383 ਕੇਂਦਰ ਬਿਹਾਰ,ਉੜੀਸਾ, ਬੰਗਾਲ ਵਿਚ ਹਨ, ਜੋ ਭਗਤ ਭਗਵਾਨੀਏ ਦੇ ਨਾਂ ਦੀ ਸੰਪ੍ਰਦਾ ਦੇ ਨਾਂ ਤੇ ਪ੍ਰਸਿੱਧ ਹਨ।

1646 ਵਿਚ ਪੰਜਾਬ ਵਿਚ ਸਖ਼ਤ ਔੜ ਲਗਣ ਕਾਰਣ ਗੁਰੂ ਸਾਹਿਬ ਨੇ ਗੁਰੂ ਘਰ ਦੇ ਦਸਵੰਧ ਨੂੰ ਕਾਲ ਪੀੜਤਾਂ ਦੀ ਸਹਾਇਤਾ ਲਈ ਖੁਲ੍ਹੇ ਦਿਲ ਨਾਲ ਬਿਨਾਂ ਵਿਤਕਰੇ ਰਾਹਿਤ ਵੰਡੀ। ਤੇ ਔੜ ਦੇ ਮੁਕਾਬਲੇ ਲਈ ਕਈ ਥਾਈਂ ਖੂਹ ਵੀ ਪੁਟਵਾਏ। ਆਪ ਜੀ ਵਲੋਂ ਸਿੱਖਾਂ ਨੂੰ ਵੀ ਥਾਂ-ਥਾਂ ਲੰਗਰ ਲਗਾਉਣ ਅਤੇ ਨਾਲ ਦੀ ਨਾਲ ਹੀ ਦਵਾਖਾਨਾ ਭੀ ਰੱਖਣ ਦਾ ਸਪਸ਼ਟ ਹੁਕਮ ਸੀ। ਇਸਦੇ ਨਾਲ ਆਪ ਦਾ ਇਹ ਹੁਕਮ ਵੀ ਸੀ ਕਿ ਲੰਗਰ ਵਿਚ ਹਰ ਧਰਮ ਜਾਤੀ ਜਾਂ ਨਸਲ ਦੇ ਮਨੁੱਖ ਦੀ ਸੇਵਾ ਬਿਨਾਂ ਵਿਤਕਰੇ ਕੀਤੀ ਜਾਵੇ ਤੇ ਖਾਸ ਤੌਰ ਤੇ ਖਿਆਲ ਰਖਿਆ ਜਾਵੇ ਕਿ ਜੇ ਕੋਈ ਬੇਵਕਤ ਲੰਗਰ ਛਕਣ ਲਈ ਆ ਗਿਆ ਹੈ ਤਾਂ ਉਸ ਦੀ ਵੀ ਵੱਧ ਤੋਂ ਵੱਧ ਸੇਵਾ ਕਰਨੀ ਹੈ।

ਗੁਰੂ ਸਾਹਿਬ ਦੇ ਐਸੇ ਨਿਵੇਕਲੇ ਉਦਮਾਂ ਨੇ ਸਿੱਖੀ ਨੂੰ ਆਮ ਲੋਕਾਂ ਦੇ ਹਿਰਦਿਆਂ

ਵਿਚ ਸਤਿਕਾਰ ਸਹਿਤ ਪਹੁੰਚਾ ਦਿੱਤਾ। ਲੋਕ ਸਿੱਖ ਬਣਨ ਵਿਚ ਪਹਿਲਾਂ ਨਾਲੋਂ ਵੀ ਜ਼ਿਆਦਾ ਫਖ਼ਰ ਮਹਿਸੂਸ ਕਰਨ ਲੱਗ ਪਏ।

ਆਪ ਜੀ ਨੇ ਜਿਥੇ ਆਮ ਲੰਗਰਾਂ ਨਾਲ ਦਵਾਖਾਨਾ ਰਖਣ ਲਈ ਸਿੱਖਾਂ ਨੂੰ ਹੁਕਮ ਕੀਤੇ ਉਥੇ ਕੀਰਤਪੁਰ ਸਾਹਿਬ ਵਿਖੇ ਕੀਮਤੀ ਦਵਾਈਆਂ, ਬੇਹਤਰੀਨ ਵੈਦਾਂ ਅਤੇ ਹੋਰ ਸਹੂਲਤਾਂ ਨਾਲ ਭਰਪੂਰ ਇਕ ਬਹੁਮੁੱਲਾ ਦਵਾਖਾਨਾ ਪੱਕੇ ਤੌਰ ਤੇ ਵੀ ਸਥਾਪਤ ਕੀਤਾ। ਇਸ ਤੋਂ ਇਲਾਵਾ ਜਿਥੇ ਆਪ ਜੀ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਵਲੋਂ ਪਾਏ ਮੀਰੀ ਪੀਰੀ ਦੇ ਪੂਰਨਿਆਂ ਤੇ ਚਲਦਿਆਂ ਸ਼ਸਤਰਧਾਰੀ ਫੌਜੀ ਟੁਕੜੀ ਵੀ ਨਾਲ ਰਖਦੇ, ਸ਼ਿਕਾਰ ਵੀ ਖੇਡਦੇ, ਉਥੇ ਆਪ ਜੀ ਦਾ ਗਰੀਬਾਂ ਅਤੇ ਨਿਤਾਣਿਆਂ ਪ੍ਰਤੀ ਪ੍ਰੇਮ ਵੀ ਅਥਾਹ ਸੀ।

ਇਕ ਮਾਈ ਆਪ ਜੀ ਦੇ ਦਰਸ਼ਨਾਂ ਦੀ ਸਦਾ ਤਾਂਘ ਰਖਦੀ ਸੀ। ਆਪ ਜੀ ਦੇ ਦਰਬਾਰ ਵਿਚ ਗਰੀਬ ਹੋਣ ਕਾਰਣ ਜਾਣੋ ਸਦਾ ਝਿਜਕ ਜਾਂਦੀ ਸੀ। ਇਕ ਦਿਨ ਉਸ ਦੇ ਮਨ ਵਿਚ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਜ਼ਬਰਦਸਤ ਖਿੱਚ ਉੱਠੀ। ਉਸਨੇ ਗੁਰੂ ਸਾਹਿਬ ਜੀ ਲਈ ਮਿੱਸੇ ਪ੍ਰਸ਼ਾਦੇ ਪਕਾ ਕੇ ਬੰਨ੍ਹ ਲਏ ਅਤੇ ਘਰੋਂ ਨਿਕਲ ਤੁਰੀ ਤਾਂ ਉਸੇ ਸਮੇਂ ਗੁਰੂ ਸਾਹਿਬ ਜੀ ਵੀ ਅਚਨਚੇਤੀ ਸ਼ਿਕਾਰ ਖੇਡਦੇ ਉਧਰ ਆ ਨਿਕਲੇ। ਮਾਈ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ ਦੇ ਘਰ ਚਰਨ ਪਾ ਕੇ ਜੋ ਵੀ ਰੁੱਖਾ ਮਿੱਸਾ ਹੈ ਛੱਕ ਕੇ ਜਾਉ। ਗੁਰੂ ਸਾਹਿਬ ਨੇ ਸਮੇਂ ਤੋਂ ਬਿਨਾਂ ਵੀ ਬਿਨਾਂ ਹੱਥ ਧੋਤੇ ਹੀ ਘੋੜੇ ਤੇ ਚੜ੍ਹਿਆਂ ਹੀ ਮਾਈ ਦੇ ਹੱਥਾਂ ਵਿਚੋਂ ਪ੍ਰਸ਼ਾਦੇ ਲੈ ਕੇ ਛਕ ਲਏ। ਮਾਈ ਇਸ ਪਿਆਰ ਸਦਕਾ ਗੱਦ-ਗੱਦ ਹੋ ਉਠੀ।

ਸਿੱਖਾਂ ਨੇ ਇਸ ਘਟਨਾ ਨੂੰ ਦੇਖ ਕੇ ਅਗਲੇ ਦਿਨ ਗੁਰੂ ਜੀ ਦੇ ਸ਼ਿਕਾਰ ਜਾਣ ਸਮੇਂ ਪ੍ਰਸ਼ਾਦੇ ਨਾਲ ਤਿਆਰ ਕਰ ਲਏ ਕਿ ਸ਼ਾਇਦ ਗੁਰੂ ਸਾਹਿਬ ਜੀ ਨੂੰ ਇਸ ਵਕਤ ਭੁੱਖ ਲਗਦੀ ਹੋਵੇਗੀ ਪਰ ਗੁਰੂ ਸਾਹਿਬ ਜੀ ਨੇ ਬੇਵਕਤ ਖਾਣ ਤੋਂ ਇਨਕਾਰ ਕਰ ਦਿੱਤਾ, ਤਾਂ ਸੇਵਾਦਾਰ ਸਿੱਖ ਹੈਰਾਨ ਹੋ ਗਏ। ਦਰਅਸਲ ਗੁਰੂ ਸਾਹਿਬ ਜੀ ਤਾਂ ਪਹਿਲੇ ਦਿਨ ਗੁਰੂ ਦਰਬਾਰ ਵਿਚ ਆਉਣੋਂ ਝਿਜਕ ਰਹੀ ਗਰੀਬ ਮਾਈ ਦੇ ਘਰ ਦਾ ਅੰਨਜਲ ਪ੍ਰੇਮ ਨਾਲ ਬਿਨਾਂ ਵਕਤ ਤੋਂ ਵੀ ਸਿਰਫ ਆਪਣੇ ਗਰੀਬਾਂ ਨਾਲ ਅਥਾਹ ਪਿਆਰ ਵਾਲੇ ਸੁਭਾਅ ਕਰਕੇ ਹੀ ਛਕ ਕੇ ਆਏ ਸਨ।

***

6. ਸ਼ਹੀਦ ਭਾਈ ਸੁਬੇਗ ਸਿੰਘ ਜੀ ਸ਼ਾਹਬਾਜ਼ ਸਿੰਘ ਜੀ

ਸਰਦਾਰ ਸੁਬੇਗ ਸਿੰਘ ਜੀ ਪਿੰਡ ਜੰਬਰ ਜ਼ਿਲਾ ਲਾਹੌਰ ਦੇ ਵਸਨੀਕ ਸਨ। ਉਹ ਚੰਗੇ ਰਸੂਖ ਵਾਲੇ ਜ਼ਿਮੀਂਦਾਰ ਤੇ ਸਰਕਾਰੀ ਠੇਕੇਦਾਰ ਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਲਾਹੌਰ ਦਾ ਸੂਬਾ ਜ਼ਕਰੀਆ ਖ਼ਾਨ ਉਹਨਾਂ ਦੀ ਇਜ਼ਤ ਕਰਦਾ ਸੀ। ਉਹਨਾਂ ਨੇ ਉਸ ਦੇ ਕਈ ਕੰਮ ਸਵਾਰੇ ਸਨ ਅਤੇ ਕਈ ਮੌਕਿਆਂ ਤੇ ਉਸ ਦੀ ਕਦਰ ਯੋਗ ਸੇਵਾ ਸਹਾਇਤਾ ਕੀਤੀ ਸੀ। ਉਨ੍ਹਾਂ ਵਿਚੋਂ ਇਕ ਖਾਸ ਕਥਨ-ਯੋਗ ਹੈ।

ਸੰਨ 1733 ਵਿਚ ਜ਼ਕਰੀਆ ਖ਼ਾਨ ਨੇ ਦਿੱਲੀ ਦੇ ਬਾਦਸ਼ਾਹ ਨੂੰ ਲਿਖਿਆ ਕਿ ਅਸੀਂ

ਸਿੱਖਾਂ ਉਪਰ ਵੱਧ ਤੋਂ ਵੱਧ ਸਖ਼ਤੀ ਕਰਕੇ ਵੇਖ ਲਈ ਹੈ, ਪਰ ਵਸ ਵਿਚ ਨਹੀਂ ਆਉਂਦੇ, ਇਹ ਮੁਕਦੇ ਵੀ ਨਹੀਂ ਅਤੇ ਆਪਣੇ ਕਾਰਿਆਂ ਤੋਂ ਰੁਕਦੇ ਤੇ ਹਟਦੇ ਵੀ ਨਹੀਂ। ਮੇਰੀ ਤਜ਼ਵੀਜ ਹੈ ਕਿ ਇਹਨਾਂ ਨਾਲ ਨਰਮੀ ਵਾਲਾ ਸਲੂਕ ਕਰ ਕੇ ਵੇਖ ਲਈਏ। ਇਸ ਖ਼ਿਆਲ ਨਾਲ ਉਹਨਾਂ ਨੂੰ ਜਾਗੀਰ ਦਿੱਤੀ ਜਾਵੇ ਅਤੇ ਉਹਨਾਂ ਦੇ ਜੱਥੇਦਾਰ ਨੂੰ ਨਵਾਬ ਦਾ ਖ਼ਿਤਾਬ ਦਿੱਤਾ ਜਾਵੇ। ਦਿੱਲੀ ਦੇ ਬਾਦਸ਼ਾਹ ਨੇ ਇਹ ਸਲਾਹ ਮੰਨ ਲਈ। ਅੰਤ ਜ਼ਕਰੀਆ ਖ਼ਾਨ ਨੇ ਸਰਦਾਰ ਸੁਬੇਗ ਸਿੰਘ ਜੀ ਨੂੰ ਆਪਣਾ ਵਕੀਲ ਬਣਾ ਕੇ ਭੇਜਿਆ ਤਾਂ ਜੋ ਖ਼ਾਲਸੇ ਨਾਲ ਗੱਲਬਾਤ ਤੇ ਸਮਝੌਤਾ ਕੀਤਾ ਜਾਵੇ ਤੇ ਸਿੰਘਾਂ ਨੂੰ ਪੇਸ਼ਕਸ਼ ਕੀਤੀ ਜਾਵੇ, ਜਦੋਂ ਸਰਦਾਰ ਸਾਹਿਬ ਖ਼ਾਲਸੇ ਪਾਸ ਪੁਜੇ, ਜੋ 1733 ਵਿਸਾਖੀ ਸਮੇਂ ਅਕਾਲ ਤਖ਼ਤ ਸਾਹਿਬ ਤੇ ਜੁੜਿਆ ਹੋਇਆ ਸੀ ਤਾਂ ਖ਼ਾਲਸੇ ਵੱਲੋਂ ਉਹਨਾਂ ਨੂੰ ਪਹਿਲਾਂ ਤਨਖਾਹ ਲਾਈ ਗਈ, ਕਿਉਂਕਿ ਉਹ ਸਰਕਾਰ ਨੂੰ ਮਿਲਵਰਤਨ ਦੇ ਰਹੇ ਸਨ। ਉਹਨਾਂ ਨੇ ਸਰਕਾਰ ਵੱਲੋਂ ਨਵਾਬੀ, ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਪਰਗਨਿਆਂ ਦੀ ਜਗੀਰ, ਜਿਸ ਦੀ ਆਮਦਨ ਇਕ ਲੱਖ ਰੁਪਿਆ ਸਲਾਨਾ ਸੀ ਅਤੇ ਕੀਮਤੀ ਖ਼ਿੱਲਅਤ (ਪੁਸ਼ਾਕ) ਖ਼ਾਲਸੇ ਅੱਗੇ ਪੇਸ਼ ਕੀਤੀ। ਖ਼ਾਲਸੇ ਵਲੋਂ ਜੱਥੇਦਾਰ ਦੀਵਾਨ ਦਰਬਾਰਾ ਸਿੰਘ ਜੀ ਨੇ ਕਿਹਾ ਸਾਨੂੰ ਸਤਿਗੁਰਾਂ ਦਾ ਫੁਰਮਾਣ ਹੈ ਕਿ ਖ਼ਾਲਸਾ ਰਾਜ ਕਰੇਗਾ। ਅਸੀਂ ਆਪ ਰਾਜ ਜਿਤਾਂਗੇ। ਕਿਸੇ ਦੀ ਦਿੱਤੀ ਹੋਈ ਨਵਾਬੀ ਕਿਉਂ ਲਈਏ? ਪਰ ਸਰਦਾਰ ਸੁਬੇਗ ਸਿੰਘ ਜੀ ਦੇ ਕਹਿਣ-ਕਹਾਉਣ ਅਤੇ ਜ਼ੋਰ ਦੇਣ ਉਤੇ ਪ੍ਰਵਾਨ ਕਰਨੀ ਮੰਨ ਲਈ। ਪਹਿਲਾਂ ਦੀਵਾਨ ਦਰਬਾਰਾ ਸਿੰਘ ਜੀ ਨੂੰ ਜੋ ਸਿਰ ਕੱਢ ਜੱਥੇਦਾਰ ਸੀ, ਨਵਾਬੀ ਲੈਣ ਲਈ ਕਿਹਾ ਗਿਆ। ਉਹਨਾਂ ਨੇ ਨਾਂਹ ਕਰ ਦਿੱਤੀ। ਕਈਆਂ ਹੋਰਨਾਂ ਨੂੰ ਕਿਹਾ ਗਿਆ, ਪਰ ਕੋਈ ਨਵਾਬੀ ਤੇ ਲੱਖ ਰੁਪਏ ਦੀ ਜਾਗੀਰ ਲੈਣੀ ਨਾ ਮੰਨੇ। ਅਖੀਰ ਵਿਚ ਸਰਦਾਰ ਸੁਬੇਗ ਸਿੰਘ ਜੀ ਨੇ ਕਿਹਾ ਖ਼ਾਲਸਾ ਜੀ! ਇਹ ਕਿਸੇ ਸੇਵਾਦਾਰ ਨੂੰ ਬਖਸ਼ ਦਿਓ, ਮੋੜੋ ਨਾ। ਉਸ ਵੇਲੇ ਸ੍ਰ. ਕਪੂਰ ਸਿੰਘ ਫੈਜ਼ਲਪੁਰੀਆ ਸੰਗਤਾਂ ਨੂੰ ਪੱਖਾ ਝੱਲ ਰਿਹਾ ਸੀ। ਉਹ ਖ਼ਾਲਸੇ ਦੇ ਤਬੇਲਿਆਂ ਦੀ ਲਿੱਦ ਹੂੰਝਣ ਅਤੇ ਘੋੜਿਆਂ ਦੇ ਦਾਣੇ ਪਾਣੀ ਦੀ ਸੇਵਾ ਕਰਦਾ ਹੁੰਦਾ ਸੀ। ਨਵਾਬੀ ਤੇ ਜਾਗੀਰ ਉਸ ਨੂੰ ਦਿੱਤੀ ਗਈ। ਉਸਨੇ ਕਿਹਾ, ਜੀਅ ਤਾਂ ਮੇਰਾ ਨਹੀਂ ਕਰਦਾ ਪਰ ਜੇ ਖ਼ਾਲਸਾ ਬਖਸ਼ਿਸ਼ ਕਰਦਾ ਹੈ, ਤਾਂ ਹਾਜ਼ਰ ਹਾਂ, ਪਰ ਪਹਿਲਾਂ ਇਸ ਸਨਦ ਤੇ ਖ਼ਿੱਲਅਤ ਨੂੰ ਪੰਜ ਸਿੰਘਾਂ ਦੇ ਚਰਨਾਂ ਨੂੰ ਛੁਹਾ ਦਿਓ। ਭਾਈ ਸੁਬੇਗ ਸਿੰਘ ਜੀ ਦੀ ਬੇਨਤੀ ਪ੍ਰਵਾਨ ਹੋਈ ਤੇ ਨਵਾਬੀ ਉਸ ਸਮੇਂ ਸੰਗਤਾਂ ਨੂੰ ਪੱਖਾ ਝੱਲ ਰਹੇ ਸ੍ਰ. ਕਪੂਰ ਸਿੰਘ ਜੀ ਨੂੰ ਦੇ ਦਿੱਤੀ ਗਈ।

ਭਾਈ ਸੁਬੇਗ ਸਿੰਘ ਜੀ ਦੇ ਵਾਪਸ ਲਾਹੌਰ ਆਉਣ ਤੇ ਜ਼ਕਰੀਆ ਖ਼ਾਨ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ। ਉਨ੍ਹਾਂ ਦਾ ਜ਼ਕਰੀਆ ਖ਼ਾਨ ਤੇ ਇਹ ਬਹੁਤ ਵੱਡਾ ਅਹਿਸਾਨ ਸੀ। ਇਸ ਤੋਂ ਛੁੱਟ ਹੋਰ ਵੀ ਕਈ ਮੌਕਿਆਂ ਤੇ ਸ੍ਰ. ਸੁਬੇਗ ਸਿੰਘ ਜੀ ਨੇ ਜ਼ਕਰੀਆ ਖ਼ਾਨ ਦੇ ਯੋਗ ਕੰਮ ਸਵਾਰੇ ਸਨ।

ਹਕੂਮਤ ਤੇ ਸਿੰਘਾਂ ਵਿਚਾਲੇ ਕੁਝ ਚਿਰ ਸੁਲ੍ਹਾ ਰਹੀ। ਹਕੂਮਤ ਮੁੱਕਰ ਗਈ ਤੇ ਜ਼ਕਰੀਆ ਖ਼ਾਨ ਨੇ ਫਿਰ ਸਿੰਘਾਂ ਤੇ ਸਖ਼ਤੀ ਕਰਨੀ ਸ਼ੁਰੂ ਕਰ ਦਿੱਤੀ। ਸਿੰਘ ਚੰਗੇ ਮੌਕੇ ਦੀ ਭਾਲ ਵਿਚ ਮੁੜ ਜੰਗਲਾਂ ਨੂੰ ਤੁਰ ਗਏ।

ਸ੍ਰ. ਸੁਬੇਗ ਸਿੰਘ ਜੀ ਦਾ ਹੋਣਹਾਰ ਲੜਕਾ ਸ਼ਾਹਬਾਜ਼ ਸਿੰਘ ਲਾਹੌਰ ਦੇ ਇਕ ਮਦਰੱਸੇ (ਸਕੂਲ) ਵਿਚ ਕਾਜ਼ੀ ਪਾਸੋਂ ਫ਼ਾਰਸੀ ਵਿਦਿਆ ਹਾਸਲ ਕਰਦਾ ਸੀ। ਜਦੋਂ ਇਹ ਬੱਚਾ 18 ਵਰ੍ਹਿਆਂ ਦਾ ਹੋਇਆ, ਤਾਂ ਬੜਾ ਸੁੰਦਰ ਗੱਭਰੂ ਹੋ ਨਿਕਲਿਆ। ਕਾਜ਼ੀ ਇਸ ਬੱਚੇ ਦੇ ਡੀਲ ਡੌਲ, ਆਚਰਣ ਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਸੀ। ਮਨ ਹੀ ਮਨ ਕਾਜ਼ੀ ਸੋਚਣ ਲੱਗਾ, ਕਿਉਂ ਨਾਂ ਇਸ ਲੜਕੇ ਨੂੰ ਇਸਲਾਮ ਧਰਮ ਵਿਚ ਲਿਆ ਕੇ ਆਪਣੀ ਸੁੰਦਰ ਲੜਕੀ ਨਾਲ ਇਸ ਲੜਕੇ ਦਾ ਨਿਕਾਹ ਕਰ ਕੇ ਇਸ ਨੂੰ ਆਪਣਾ ਜਵਾਈ ਬਣਾ ਲਵਾਂ। ਇਸ ਮੰਤਵ ਦੀ ਪੂਰਤੀ ਲਈ ਹੌਲੀ ਹੌਲੀ ਕਾਜ਼ੀ ਨੇ ਸ਼ਾਹਬਾਜ਼ ਸਿੰਘ ਨੂੰ ਇਸਲਾਮ ਧਰਮ ਦੀਆਂ ਖੂਬੀਆਂ ਦੱਸ-ਦੱਸ ਕੇ ਇਸਲਾਮ ਧਰਮ ਵਲ ਪ੍ਰੇਰਨਾ ਆਰੰਭਿਆ। ਸ਼ਾਹਬਾਜ਼ ਸਿੰਘ ਭਾਵੇਂ ਇਸਲਾਮੀ ਵਾਤਾਵਰਣ ਵਿਚ ਵਿਦਿਆ ਹਾਸਲ ਕਰ ਰਿਹਾ ਸੀ, ਪਰ ਉਸਨੂੰ ਬਚਪਨ ਤੋਂ ਹੀ ਮਾਤਾ ਪਿਤਾ ਨੇ ਸਿੱਖ ਧਰਮ ਦੇ ਸੁੰਦਰ ਅਸੂਲ, ਉੱਤਮ ਵਿਚਾਰਧਾਰਾ ਤੇ ਸਿੱਖ ਗੁਰੂ ਸਾਹਿਬਾਨ ਦੇ ਕਮਾਲ ਦੇ ਜੀਵਨ ਕਾਰਨਾਮਿਆਂ ਤੋਂ ਜਾਣੂ ਕਰਵਾਉਣਾ ਆਰੰਭ ਦਿੱਤਾ ਸੀ। ਗੱਭਰੂ ਹੋਣ ਤੱਕ ਉਸਨੂੰ ਨਾ ਸਿਰਫ ਆਪਣੇ ਧਰਮ ਬਾਰੇ ਹੀ ਪੂਰੀ ਜਾਣਕਾਰੀ ਸੀ, ਸਗੋਂ ਹਿੰਦੂ ਮਤ ਤੇ ਇਸਲਾਮ ਮਤ ਬਾਰੇ ਵੀ ਉਸਨੂੰ ਬਥੇਰਾ ਕੁਝ ਪਤਾ ਸੀ। ਉਸ ਨੂੰ ਮਾਣ ਸੀ ਆਪਣੇ ਸਿੱਖ ਹੋਣ ਤੇ, ਉਸ ਨੂੰ ਮਾਣ ਸੀ ਆਪਣੇ ਸੁਨਹਿਰੀ ਸਿੱਖ ਇਤਿਹਾਸ ਤੇ, ਉਹ ਪੰਜਵੇਂ, ਨੌਵੇਂ ਗੁਰੂ ਸਾਹਿਬਾਨ ਤੇ ਹੋਰ ਸਿੱਖ ਸ਼ਹੀਦਾਂ ਦਾ ਸ਼ਹੀਦੀ ਇਤਿਹਾਸ ਬੜੇ ਸ਼ੌਕ ਨਾਲ ਆਪਣੇ ਮਾਤਾ ਪਿਤਾ ਤੋਂ ਸੁਣਿਆ ਕਰਦਾ ਸੀ। ਜਦੋਂ ਕਾਜ਼ੀ, ਇਸਲਾਮ ਧਰਮ ਦੇ ਗੁਣਾਂ ਦੀ ਗੱਲ ਛੇੜਦਾ ਤਾਂ ਸ਼ਾਹਬਾਜ਼ ਸਿੰਘ ਇਸਲਾਮ ਤੋਂ ਕਿਤੇ ਵਧ ਕੇ ਸਿੱਖ ਧਰਮ ਦੇ ਗੁਣਾਂ ਦਾ ਵਰਣਨ ਕਰਨ ਲੱਗ ਪੈਂਦਾ। ਕਾਜ਼ੀ ਦੇ ਰੋਜ਼ ਦੇ ਇਸਲਾਮ ਧਰਮ ਦੀਆਂ ਤਾਰੀਫਾਂ ਦੇ ਚਰਚੇ ਕਾਰਨ ਸ਼ਾਹਬਾਜ਼ ਸਿੰਘ ਹੋਰ ਵੀ ਸੁਚੇਤ ਰਹਿਣ ਲੱਗ ਪਿਆ ਤੇ ਮਦਰੱਸੇ ਵਿਚ ਹੋਈਆਂ ਕਾਜ਼ੀ ਨਾਲ ਗੱਲਾਂ ਬਾਤਾਂ ਦਾ ਜ਼ਿਕਰ ਉਹ ਘਰ ਆ ਕੇ ਮਾਤਾ-ਪਿਤਾ ਨਾਲ ਕਰ ਦਿੰਦਾ ਰਿਹਾ।

ਜਦੋਂ ਕਾਫ਼ੀ ਸਮੇਂ ਦੀ ਪ੍ਰੇਰਨਾ ਮਗਰੋਂ ਕਾਜ਼ੀ ਨੂੰ ਆਪਣੇ ਕੁਟਿਲ ਮੰਤਵ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਨਾ ਦਿਸੀ ਤਾਂ ਉਸ ਨੇ ਪੈਂਤੜਾ ਬਦਲਿਆ ਤੇ ਹੁਣ ਡਰ ਡਰਾਵੇ ਤੋਂ ਕੰਮ ਲੈਣ ਲੱਗਾ। ਉਸ ਨੇ ਸ਼ਾਹਬਾਜ਼ ਸਿੰਘ ਨੂੰ ਕਿਹਾ, " ਜੇ ਤੂੰ ਇਸਲਾਮ ਧਰਮ ਗ੍ਰਹਿਣ ਕਰਕੇ ਮੇਰਾ ਜਵਾਈ ਬਣਨਾ ਕਬੂਲ ਕਰ ਲਵੇਂ ਤਾਂ ਠੀਕ ਹੈ, ਨਹੀਂ ਤਾਂ ਮੈਂ ਤੇਰੇ ਵਿਰੁੱਧ ਸ਼ਿਕਾਇਤ ਕਰਕੇ ਤੈਨੂੰ ਮਰਵਾ ਦਿਆਂਗਾ। ''

ਜਦੋਂ ਸ਼ਾਹਬਾਜ਼ ਸਿੰਘ ਨੂੰ ਕਾਜ਼ੀ ਦੇ ਡਰਾਵੇ ਵੀ ਇਸਲਾਮ ਧਰਮ ਵਿਚ ਲਿਆਉਣ ਵਿਚ ਕਾਮਯਾਬ ਨਾ ਹੋ ਸਕੇ ਤਾਂ ਕਾਜ਼ੀ ਨੇ ਗਵਰਨਰ ਯਹੀਆ ਖ਼ਾਨ ਪਾਸ ਇਹ ਸ਼ਿਕਾਇਤ ਪਹੁੰਚਾਈ ਕਿ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਲਈ ਬਹੁਤ ਭੱਦੇ ਸ਼ਬਦ ਵਰਤੇ ਹਨ ਅਤੇ ਇਹ ਇਸਲਾਮ ਧਰਮ ਵਿਚ ਕਈ ਨੁਕਸ ਦੱਸਦਾ ਹੈ।

ਯਹੀਆ ਖ਼ਾਨ ਦੇ ਕੰਨ ਕਾਜ਼ੀ ਨੇ ਇੰਨੇ ਭਰੇ ਕਿ ਉਹ ਸਰਦਾਰ ਸੁਬੇਗ ਸਿੰਘ ਦੁਆਰਾ ਕੀਤੇ ਗਏ ਉਸ ਦੇ ਪਿਤਾ ਸੂਬਾ ਜ਼ਕਰੀਆ ਖ਼ਾਨ ਉੱਪਰ ਅਹਿਸਾਨਾਂ ਨੂੰ ਮੂਲੋਂ ਹੀ ਭੁੱਲ

ਗਿਆ। ਮਜ਼ਬੀ ਪਾਗਲ-ਪੁਣੇ ਦੀ ਅੱਗ ਨੇ ਪਿਛਲੀ ਸੇਵਾ ਸਹਾਇਤਾ ਸਭ ਭੁਲਾ ਦਿੱਤੀ। ਉਹਨਾਂ ਵਿਰੁੱਧ ਦੋਸ਼ ਘੜਿਆ ਗਿਆ ਕਿ ਇਹ ਸਰਕਾਰ ਦੇ ਵੈਰੀ ਹਨ।

ਦੋਹਾਂ ਪਿਓ ਪੁੱਤਰਾਂ ਨੂੰ ਜੇਲ੍ਹ ਦੀਆਂ ਅਲੱਗ ਅਲੱਗ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ। ਇਸਲਾਮੀ ਕਾਨੂੰਨ ਦਾ ਇਹ ਹਾਲ ਸੀ ਕਿ ਗੈਰ ਮੁਸਲਿਮ ਧਰਮ ਵਾਲਿਆਂ ਨੂੰ ਸਰਕਾਰੋਂ ਇਨਸਾਫ਼ ਮਿਲਣ ਦੀ ਕੋਈ ਆਸ ਨਹੀਂ ਸੀ ਹੁੰਦੀ। ਜਾਨ ਬਚ ਸਕਦੀ ਸੀ ਤਾਂ ਕੇਵਲ ਉਹਨਾਂ ਦੀ, ਜਿਹੜੇ ਆਪਣੇ ਧਰਮ ਨੂੰ ਛੱਡ ਕੇ ਮੁਸਲਮਾਨ ਬਣਨਾ ਮੰਨ ਲੈਣ। ਸਿੱਖਾਂ ਲਈ ਤਾਂ ਉਸ ਸਮੇਂ ਸ਼ਹਿਰਾਂ ਵਿਚ ਰਹਿਣਾ ਵੀ ਅਸੰਭਵ ਜਿਹੀ ਗੱਲ ਸੀ।

ਕਾਲ ਕੋਠੜੀ ਵਿਚ ਬੰਦ ਕੀਤੇ ਹੋਏ ਸ਼ਾਹਬਾਜ਼ ਸਿੰਘ ਨੂੰ ਕਿਹਾ, "ਤੇਰੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ ਹੈ। ਹੁਣ ਤੂੰ ਮੁਸਲਮਾਨ ਬਣ ਜਾ ਤੇ ਆਪਣੀ ਜਾਨ ਬਚਾ ਲੈ। ਕਿਉਂ ਆਪਣੀ ਜੁਆਨੀ ਵਿਅਰਥ ਗੁਆਉਂਦਾ ਹੈ?" ਉਧਰ ਸੁਬੇਗ ਸਿੰਘ ਨੂੰ ਅਲੱਗ ਤੌਰ ਤੇ ਕਿਹਾ ਗਿਆ, "ਤੇਰਾ ਲੜਕਾ ਸ਼ਾਹਬਾਜ਼ ਸਿੰਘ ਮੁਸਲਮਾਨ ਹੋਣਾ ਮੰਨ ਗਿਆ ਹੈ। ਇਸ ਲਈ ਤੂੰ ਵੀ ਮੁਸਲਮਾਨ ਹੋਣਾ ਮੰਨ ਜਾ, ਸਿੱਖੀ ਨੂੰ ਛੱਡ ਦੇ।" ਇਸ ਝੂਠੇ ਪ੍ਰਾਪੇਗੰਡੇ ਦੇ ਬਾਵਜੂਦ ਦੋਵੇਂ ਸਿੰਘ ਸਿੱਖੀ ਸਿਦਕ ਵਿਚ ਦ੍ਰਿੜ ਰਹੇ ਤੇ ਆਉਣ ਵਾਲੇ ਕਠਿਨ ਇਮਤਿਹਾਨ ਦੀ ਤਿਆਰੀ ਕਰਨ ਲੱਗੇ। ਹਰ ਸਮੇਂ ਬਾਣੀ ਪੜ੍ਹਦੇ। ਸਿੱਖ ਸ਼ਹੀਦਾਂ ਦੇ ਕਾਰਨਾਮੇ ਚੇਤੇ ਕਰਦੇ ਤੇ ਗੁਰੂ ਚਰਨਾਂ ਦਾ ਧਿਆਨ ਧਰਕੇ ਅਰਦਾਸ ਕਰਦੇ"ਹੇ ਸੱਚੇ ਪਾਤਸ਼ਾਹ ਸਾਨੂੰ ਬਲ ਬਖਸ਼ੀਂ ਤਾਂ ਜੋ ਅਸੀਂ ਵੀ ਆਪਣੇ ਵੀਰਾਂ ਵਾਗੂੰ ਹੱਸ ਹੱਸ ਜਾਨਾਂ ਵਾਰ ਜਾਈਏ,ਪਰ ਸਿੱਖੀ ਸਿਦਕ ਤੋਂ ਡੋਲੀਏ ਨਾ।"

ਸ੍ਰ. ਸੁਬੇਗ ਸਿੰਘ ਨੂੰ ਕਿਹਾ ਗਿਆ ਕਿ ਮੁਸਲਮਾਨ ਹੋ ਜਾਓ, ਨਹੀਂ ਤਾਂ ਮਾਰੇ ਜਾਓਗੇ। ਉਹਨਾਂ ਨੇ ਧਰਮ ਛਡਣੋਂ ਨਾਂਹ ਕਰ ਦਿੱਤੀ। ਕੁਝ ਕੁ ਨਿਕਟਵਰਤੀਆਂ ਨੇ ਸ੍ਰ. ਸੁਬੇਗ ਸਿੰਘ ਜੀ ਨੂੰ ਕਿਹਾ, ਹੋਰ ਨਹੀਂ ਤਾਂ ਆਪਣੇ ਬੱਚੇ ਨੂੰ ਬਚਾ ਕੇ ਕੁਲ ਦਾ ਨਿਸ਼ਾਨ ਤਾਂ ਕਾਇਮ ਰੱਖ ਲਓ ਤਾਂ ਭਾਈ ਸਾਹਿਬ ਨੇ ਡਟ ਕੇ ਜੁਆਬ ਦਿਤਾ:

ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸਣ ਪ੍ਰਵਾਰੇ॥
ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈ ਕੌਣ ਬਡਾਈ॥

ਭਾਵ: ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਜੀਊਂਦਾ ਰੱਖਣ ਲਈ ਸਾਰੇ ਪਰਿਵਾਰ ਨੂੰ ਸ਼ਹੀਦ ਕਰਵਾਇਆ ਹੈ ਤੇ ਮੈਂ ਆਪਣੀ ਕੁਲ ਬਚਾਉਣ ਲਈ ਪੁੱਤਰ ਨੂੰ ਧਰਮ ਤਿਆਗਣ ਲਈ ਕਹਾਂ, ਇਸ ਵਿਚ ਕੀ ਵਡਿਆਈ ਹੈ? ਸ਼ਾਹੀ ਕਾਜ਼ੀ ਨੇ ਸ੍ਰ. ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੇ ਮੂੰਹੋਂ ਕੋਰਾ ਉੱਤਰ ਸੁਣ ਕੇ ਉਹਨਾਂ ਨੂੰ ਚਰਖੜੀ ਤੇ ਚਾੜ ਕੇ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਉਸ ਨੂੰ ਚਰਖੜੀ ਤੇ ਚਾੜ ਕੇ ਗੇੜਿਆ ਗਿਆ। ਅੱਤ ਦਾ ਦੁਖ ਹੋਇਆ ਪਰ ਸ੍ਰ. ਸੁਬੇਗ ਸਿੰਘ ਜੀ ਨੇ ਸਿਦਕ ਨਾ ਹਾਰਿਆ। "ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ। ਵਾਹਿਗੁਰੂ ਤਿਨ ਨਾਹਿ ਭੁਲਾਇਆ।" ਫਿਰ ਉਹਨਾਂ ਦੇ ਪੁਤਰ ਸ੍ਰ. ਸ਼ਾਹਬਾਜ਼ ਸਿੰਘ ਨੂੰ ਉਹਨਾਂ ਦੇ ਰੂ-ਬ-ਰੂ ਚਰਖੜੀ ਤੇ ਚਾੜ੍ਹਿਆ ਤੇ ਚਰਖੜੀ ਨੂੰ ਗੇੜਿਆ ਗਿਆ। ਦੋਵੇਂ ਚਰਖੜ੍ਹੀਆਂ ਚਲਦੀਆਂ ਗਈਆਂ। ਗੁਰੂ ਦੇ ਸਿੱਖ ਕਸ਼ਟ ਝੱਲਦੇ ਤੇ "

ਅਕਾਲ ਅਕਾਲ" ਕਹਿੰਦੇ ਰਹੇ। ਕੁਝ ਚਿਰ ਮਗਰੋਂ ਚਰਖੜ੍ਹੀਆਂ ਖਲਿਹਾਰ ਕੇ ਉਹਨਾਂ ਪਾਸੋਂ ਪੁਛਿਆ ਜਾਂਦਾ ਸੀ ਕਿ, ਕੀ ਤੁਸੀਂ ਇਸਲਾਮ ਕਬੂਲ ਕਰਨ ਨੂੰ ਤਿਆਰ ਹੋ? ਉਹ ਦੋਵੇਂ ਹੀ ਡਟ ਕੇ "ਨਹੀਂ" ਕਹਿੰਦੇ ਰਹੇ। ਚੌਖਾ ਚਿਰ ਇਉਂ ਹੁੰਦਾ ਰਿਹਾ। ਚਰਖੜ੍ਹੀਆਂ ਨਾਲ ਤਿੱਖੀਆਂ ਛੁਰੀਆਂ ਲੱਗੀਆਂ ਹੋਈਆਂ ਸਨ। ਯਹੀਆ ਖ਼ਾਨ, ਸ਼ਾਹੀ ਕਾਜ਼ੀ ਤੇ ਲੋਕਾਈ ਦੇ ਵੇਖਦਿਆਂ ਉਹ ਗਿੜਦੀਆਂ ਗਈਆਂ, "ਅਕਾਲ-ਅਕਾਲ" ਦੀਆਂ ਆਵਾਜ਼ਾਂ ਸਹਿਜੇ-ਸਹਿਜੇ ਬੰਦ ਹੋ ਗਈਆਂ। ਦੋਵੇਂ ਪਿਓ ਪੁੱਤਰ ਹੱਸ ਹੱਸ ਕੇ ਸ਼ਹੀਦੀਆਂ ਪਾ ਸਾਹਿਬ ਕਲਗੀਧਰ ਪਿਤਾ ਜੀ ਦੀ ਗੋਦ ਵਿਚ ਜਾ ਬਿਰਾਜੇ। ਇਹ ਸਾਕਾ 25 ਮਾਰਚ 1746 ਦਾ ਹੈ।

ਇਸ ਘਟਨਾ ਕਾਰਨ ਲਾਹੌਰ ਦੇ ਸ਼ਹਿਰੀਆਂ ਵਿਚ, ਜਿਹੜੇ ਕਿ ਸ੍ਰ. ਸੁਬੇਗ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਰੋਹ ਦੀ ਲਹਿਰ ਦੌੜ ਗਈ। ਉਹਨਾਂ ਵਿਚੋਂ ਕਈਆਂ ਨੇ ਇਹ ਖਬਰ ਨੇੜੇ ਦੇ ਜੰਗਲਾਂ ਵਿਚ ਵਿਚਰਦੇ ਸਿੰਘਾਂ ਪਾਸ ਜਾ ਪਹੁੰਚਾਈ। ਬਸ ਫਿਰ ਕੀ ਸੀ, ਸਿੰਘਾਂ ਦੇ ਜੱਥੇ ਨੇ ਇਹਨਾਂ ਦੋ ਸ਼ਹੀਦਾਂ ਤੇ ਹੋਏ ਜ਼ੁਲਮਾਂ ਦਾ ਲੇਖਾ ਚੁਕਾਉਣ ਲਈ ਰੋਹ ਵਿਚ ਭੁੱਖੇ ਸ਼ੇਰਾਂ ਵਾਗੂੰ ਜੰਗਲਾਂ ਚੋਂ ਨਿਕਲ ਕੇ ਲਾਹੌਰ ਤੇ ਆਣ ਪਏ। ਹਕੂਮਤ ਦੇ ਅਹਿਲਕਾਰਾਂ ਜ਼ਾਲਮ ਹਾਕਮਾਂ ਤੇ ਉਹਨਾਂ ਦੇ ਹਿਮਾਇਤੀਆਂ ਉੱਤੇ ਬਾਜ਼ਾਂ ਵਾਗੂੰ ਝਪਟੇ ਤੇ ਕਈਆਂ ਨੂੰ ਤੇਗਾਂ ਦੇ ਸਪੁਰਦ ਕਰਦੇ ਹੋਏ ਸ਼ਹੀਦਾਂ ਦੇ ਖ਼ੂਨ ਦਾ ਹਿਸਾਬ ਲੈ ਕੇ ਜੰਗਲੀਂ ਜਾ ਵੜੇ।

ਲਾਹੌਰ ਸ਼ਹਿਰ ਵਿਚ ਵਸਦੇ ਨੇਕ ਬੰਦੇ ਕਹਿ ਉਠੇ, "ਰੱਬ ਦੇ ਘਰ ਵਿਚ ਦੇਰ ਹੈ, ਅੰਧੇਰ ਨਹੀਂ। ਇਹ ਜ਼ੁਲਮੀਂ ਰਾਜ ਛੇਤੀ ਮੁੱਕ ਜਾਵੇਗਾ ਤੇ ਉਹ ਦਿਨ ਦੂਰ ਨਹੀਂ ਜਦੋਂ ਜੰਗਲਾਂ ਵਿਚ ਕਸ਼ਟ ਭਰਿਆ ਜੀਵਨ ਜੀਊਂਦੇ ਗੁਰੂ ਕੇ ਸਿੰਘ ਰਾਜ ਕਰਨਗੇ।

***

7. ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਸ਼ਹੀਦ, ਪਿੰਡ ਪਹੁਵਿੰਡ, ਜਿਲ੍ਹਾ ਲਾਹੌਰ ਦੇ ਭਾਈ ਭਗਤਾ ਜੀ ਤੇ ਮਾਤਾ ਜੀਊਣੀ ਜੀ ਦੇ ਘਰ ਜਨਮੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਨੂੰ ਹੋਇਆ ਤੇ ਆਪ ਦਾ ਨਾਮ ਦੀਪਾ ਰੱਖਿਆ ਗਿਆ। ਆਪ ਜੀ ਚੰਗੇ ਡੀਲ ਡੌਲ ਵਾਲੇ ਉੱਚੇ ਲੰਮੇ ਤੇ ਦਲੇਰ ਸਨ।

ਸੰਨ 1699 ਈ: ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੀ ਕੌਮ ਨੂੰ ਖ਼ਾਲਸਾ ਬਣਾ ਦਿੱਤਾ। ਪੰਜ ਸਿੰਘਾਂ ਵਲੋਂ ਸੀਸ ਭੇਟ ਕਰਨ ਦੀ ਵਾਰਤਾ, ਦਸਮੇਸ਼ ਪਿਤਾ ਦੇ ਇਸ ਮੌਕੇ ਕੀਤੇ ਕੌਤਕ ਤੇ ਪੰਜਾਂ ਨੂੰ ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਛਕਾ ਕੇ ਪੰਜ ਪਿਆਰੇ ਸਾਜਨ ਦੀ ਵਾਰਤਾ ਪੰਜਾਬ ਦੇ ਪਿੰਡ-ਪਿੰਡ ਵਿਚ ਫੈਲ ਗਈ।

ਅਗਲੀ ਵਿਸਾਖੀ ਤੇ ਅਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਪਿੰਡਾਂ ਵਿਚੋਂ ਭਾਰੀ ਗਿਣਤੀ ਵਿਚ ਸ਼ਰਧਾਲੂ ਸਿੱਖ ਪੁੱਜੇ। 18 ਸਾਲਾਂ ਦਾ ਗੱਭਰੂ ਦੀਪਾ ਵੀ ਆਪਣੇ ਮਾਤਾ ਪਿਤਾ ਨਾਲ ਗੁਰੂ ਦਰਸ਼ਨਾਂ ਨੂੰ ਚਾਈਂ ਚਾਈਂ ਆਇਆ ਤੇ ਅੰਮ੍ਰਿਤ ਛਕ ਕੇ ਸਿੰਘ ਸਜਿਆ ਤੇ

ਉਸਦਾ ਨਾਮ 'ਦੀਪ ਸਿੰਘ' ਰਖਿਆ ਗਿਆ।

ਅਨੰਦਪੁਰ ਸਾਹਿਬ ਵਿਚ ਗੁਰੂ ਘਰ ਦੀ ਮਾਣ ਮਰਯਾਦਾ, ਕੀਰਤਨ, ਕਥਾ, ਲੰਗਰ, ਸਿੰਘਾਂ ਦੀ ਬਹਾਦਰਾਂ ਵਾਲੀ ਵੇਸ਼ ਭੂਸ਼ਾ ਤੇ ਸ਼ਸਤਰਧਾਰੀ ਸਿੰਘਾਂ ਦੇ ਬਹਾਦਰੀ ਦੇ ਕਰਤੱਵ ਵੇਖ ਵੇਖ ਦੀਪ ਸਿੰਘ ਦਾ ਮਨ ਐਨਾ ਪ੍ਰਭਾਵਿਤ ਹੋਇਆ ਕਿ ਮਾਤਾ ਪਿਤਾ ਤੋਂ ਆਗਿਆ ਲੈ ਕੇ ਅਤੇ ਗੁਰੂ ਮਹਾਰਾਜ ਦੇ ਹੁਕਮ ਨੂੰ ਮੰਨ ਕੇ ਕੁਝ ਸਮੇਂ ਲਈ ਅਨੰਦਪੁਰ ਸਾਹਿਬ ਰਹਿ ਪਿਆ।

ਆਪ ਜੀ ਨੇ ਗੁਰਮੁਖੀ ਅੱਖਰ ਗਿਆਨ ਅਤੇ ਗੁਰਬਾਣੀ ਦੀ ਸਿਖਿਆ ਭਾਈ ਮਨੀ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਤੇ ਬਾਣੀ ਕੰਠ ਕਰਨ ਲੱਗੇ। ਬਾਬਾ ਜੀ ਘੋੜ ਸਵਾਰੀ ਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਏ। ਸਤਿਗੁਰਾਂ ਨਾਲ ਸ਼ਿਕਾਰ ਖੇਡਦਿਆਂ ਸ਼ੇਰ ਮਾਰਨ ਦਾ ਵੀ ਮੌਕਾ ਪ੍ਰਾਪਤ ਹੋਇਆ। 20-22 ਸਾਲਾਂ ਦੀ ਉਮਰ ਵਿਚ ਹੀ ਬਾਬਾ ਦੀਪ ਸਿੰਘ ਜੀ ਸਿਆਣੇ ਵਿਦਵਾਨ ਤੇ ਸੂਰਬੀਰ ਸੈਨਿਕ ਬਣ ਗਏ।

ਮਾਤਾ ਪਿਤਾ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਦੀ ਆਗਿਆ ਨਾਲ ਵਿਆਹ ਵਾਸਤੇ ਘਰ ਵਾਪਸ ਪਰਤ ਗਏ। ਹਾਲਾਂ ਵਿਆਹ ਹੋਣਾ ਹੀ ਸੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਨੰਦਪੁਰ ਸਾਹਿਬ ਛੱਡਣ ਦੀ ਖ਼ਬਰ ਮਿਲੀ। ਇਹ ਸੁਣਦਿਆਂ ਸਾਰ ਹੀ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ ਤੇ ਸਾਰਾ ਪਰਿਵਾਰ ਵਿਛੁੜ ਗਿਆ ਹੈ, ਆਪ ਗੁਰੂ ਸਾਹਿਬ ਦੀ ਭਾਲ ਕਰਦੇ-ਕਰਦੇ ਸਾਬੋ ਕੀ ਤਲਵੰਡੀ ਪੁੱਜੇ। ਗੁਰੂ ਸਾਹਿਬ ਨੂੰ ਮੱਥਾ ਟੇਕਣ ਉਪਰੰਤ ਇੰਨੇ ਬਿਖੜੇ ਸਮੇਂ ਵਿਚ ਆਪਣੀ ਗੈਰਹਾਜ਼ਰੀ ਦੀ ਖ਼ਿਮਾ ਮੰਗੀ। ਸਤਿਗੁਰੂ ਜੀ ਨੇ ਛਾਤੀ ਨਾਲ ਲਾਇਆ ਤੇ ਅਸੀਸਾਂ ਬਖਸ਼ੀਆਂ। ਇਸ ਥਾਂ ਤੇ ਆਪ ਗੁਰੂ ਜੀ ਦੀ ਆਗਿਆ ਅਨੁਸਾਰ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਗੁਰਬਾਣੀ ਆਪ ਲਿਖਦੇ, ਹੋਰਾਂ ਤੋਂ ਲਿਖਵਾਉਂਦੇ, ਗੁਰਬਾਣੀ ਦਾ ਪਾਠ ਅਭਿਆਸ, ਅਰਥ ਬੋਧ ਆਦਿ ਕਰਵਾਉਂਦੇ। ਸ਼ਸਤਰ ਵਿਦਿਆ ਵੀ ਸਿਖਾਂਦੇ। ਪ੍ਰਚਾਰਕ ਤਿਆਰ ਕਰਕੇ ਵੱਖ-ਵੱਖ ਪਿੰਡਾਂ ਵਿਚ ਭੇਜਦੇ ਅਤੇ ਆਪ ਵੀ ਪ੍ਰਚਾਰ ਲਈ ਕਈ ਥਾਵਾਂ ਤੇ ਜਾਂਦੇ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਲਵੰਡੀ ਵਿਖੇ ਲਗਭਗ ਨੌ ਮਹੀਨੇ ਠਹਿਰੇ, ਇਸ ਦੌਰਾਨ ਪਾਤਸ਼ਾਹ ਜੀ ਨੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਨੂੰ ਪ੍ਰਚੰਡ ਕੀਤਾ ਅਤੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਬੋਧ ਤੇ ਅਰਥ ਵਿਆਖਿਆ ਦੀ ਟਕਸਾਲ ਆਰੰਭ ਕੀਤੀ। ਭਾਈ ਮਨੀ ਸਿੰਘ ਜੀ ਤੇ ਭਾਈ ਦੀਪ ਸਿੰਘ ਜੀ ਨੇ ਮੁੱਖ ਤੌਰ ਤੇ ਕਾਫ਼ੀ ਉਤਸ਼ਾਹ ਦਿਖਾਇਆ। ਜਦ ਗੁਰੂ ਸਾਹਿਬ ਅਕਤੂਬਰ 1706 ਨੂੰ ਦੱਖਣ ਵੱਲ ਜਾਣ ਲਈ ਤਿਆਰੀ ਕੀਤੀ ਤਾਂ ਦਮਦਮਾ ਸਾਹਿਬ ਦੀ ਸੇਵਾ ਬਾਬਾ ਦੀਪ ਸਿੰਘ ਜੀ ਨੂੰ ਸੌਂਪਿਆ। ਭਾਈ ਮਨੀ ਸਿੰਘ ਜੀ ਨੂੰ ਜੋ 1698 ਤੋਂ ਅੰਮ੍ਰਿਤਸਰ ਸਾਹਿਬ ਦਾ ਪ੍ਰਬੰਧ ਸੰਭਾਲ ਰਹੇ ਸਨ ਨੂੰ ਵਾਪਸ ਸੇਵਾ ਲਈ ਭੇਜ ਦਿੱਤਾ।

ਸੰਨ 1709 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਜਦੋਂ ਜ਼ਾਲਮਾਂ ਨੂੰ ਸੋਧਣ ਪੰਜਾਬ ਵੱਲ ਆਏ ਤਾਂ ਬਾਬਾ ਦੀਪ ਸਿੰਘ ਜੀ ਸਿੰਘਾਂ ਦਾ ਇਕ ਭਾਰੀ ਜੱਥਾ ਲੈ ਕੇ ਉਹਨਾਂ ਨੂੰ ਜਾ ਮਿਲੇ ਅਤੇ ਸਰਹੰਦ ਤੇ ਸਢੌਰਾ ਆਦਿ ਫ਼ਤਿਹ ਕਰਨ ਵੇਲੇ ਵੱਧ ਚੜ੍ਹ ਕੇ ਖੰਡਾ

ਖੜਕਾਇਆ।

ਸੰਨ 1746 ਈ: ਵਿਚ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਪੰਜਾਬ ਦੇ ਗਵਰਨਰ ਯਹੀਆ ਖ਼ਾਨ ਦੇ ਹਿੰਦੂ ਦੀਵਾਨ ਲਖਪਤ ਰਾਇ ਨੇ ਕਾਹਨੂੰਵਾਨ ਦੇ ਜੰਗਲ ਵਿਚ ਇਕੱਠੇ ਹੋਏ ਸਿੰਘਾਂ ਨੂੰ ਸ਼ਾਹੀ ਫੌਜਾਂ ਤੇ ਮੁਲਖਈਏ ਦੁਆਰਾ ਘੇਰ ਲਿਆ। ਇਨ੍ਹਾਂ ਘਿਰੇ ਹੋਏ ਸਿੰਘਾਂ ਵਿਚ ਬਾਬਾ ਦੀਪ ਸਿੰਘ ਜੀ ਵੀ ਆਪਣੇ ਜੱਥੇ ਸਮੇਤ ਹਾਜ਼ਰ ਸਨ। ਇਸ ਸਾਕੇ ਨੂੰ ਸਿੰਘ ਛੋਟੇ ਘਲੂਘਾਰੇ ਦੇ ਨਾਂ ਨਾਲ ਯਾਦ ਕਰਦੇ ਹਨ। ਬਾਬਾ ਦੀਪ ਸਿੰਘ ਜੀ ਨੇ ਜੱਥੇ ਦੇ ਬਚੇ ਹੋਏ ਸਿੰਘਾਂ ਨਾਲ ਬਾਹਰ ਨਿਕਲ ਕੇ ਬਿਆਸ ਦਰਿਆ ਕੰਢੇ ਵੈਰੀ ਨਾਲ ਟੱਕਰ ਲਈ। ਢਿੱਡੋਂ ਭੁੱਖੇ, ਸਰੀਰਾਂ ਤੇ ਜ਼ਖਮ, ਉੱਤੋਂ ਸੂਰਜ ਦੀ ਗਰਮੀ ਤੇ ਥੱਲੇ ਤਪੀ ਹੋਈ ਧਰਤੀ, ਪੈਰੀਂ ਛਾਲੇ, ਇਹ ਸਭ ਕਸ਼ਟ ਸਹਿੰਦੇ ਹੋਏ ਵੀ ਬਾਬਾ ਜੀ ਕੁਝ ਸਿੰਘਾਂ ਸਣੇ ਵਾਪਸ ਮਾਲਵੇ ਵਿਚ ਪੁੱਜ ਗਏ। ਮਗਰੋਂ ਜਦੋਂ ਸਾਰੇ ਸਿੱਖਾਂ ਦੀਆਂ ਬਾਰਾਂ ਮਿਸਲਾਂ ਬਣਾਈਆਂ ਗਈਆਂ ਤਾਂ ਬਾਬਾ ਦੀਪ ਸਿੰਘ ਜੀ, ਮਿਸਲ ਸ਼ਹੀਦਾਂ ਦੇ ਜਥੇਦਾਰ ਬਣੇ। ਇਸ ਮਿਸਲ ਦੇ ਸਿੰਘਾਂ ਵਿਚ ਕਈ ਸਿੰਘ ਲਿਖਾਰੀ, ਕੀਰਤਨੀਏ ਤੇ ਵਿਦਵਾਨ ਵੀ ਸਨ।

ਸੰਨ 1756 ਈ: ਵਿਚ ਅਹਿਮਦਸ਼ਾਹ ਅਬਦਾਲੀ ਨੇ ਮੁਗਲਾਣੀ ਬੇਗ਼ਮ ਦੇ ਸੱਦੇ ਤੇ ਹਿੰਦੁਸਤਾਨ ਤੇ ਚੌਥਾ ਹਮਲਾ ਕੀਤਾ। ਮੱਥਰਾ, ਬਿੰਦਰਾਬਨ, ਆਗਰਾ ਤੇ ਦਿੱਲੀ ਨੂੰ ਲੁੱਟ ਕੇ ਵਾਪਸ ਆਪਣੇ ਦੇਸ਼ ਨੂੰ ਪਰਤਿਆ ਤਾਂ ਉਸ ਦੇ ਪਾਸ ਹਜ਼ਾਰਾਂ ਪਸ਼ੂਆਂ ਤੇ ਲੱਦਿਆ ਸੋਨਾ, ਚਾਂਦੀ, ਤੇ ਹੋਰ ਕੀਮਤੀ ਸਾਮਾਨ ਸੀ। ਹਜ਼ਾਰਾਂ ਹਿੰਦੂ ਤੇ ਮੁਸਲਮਾਨ ਨੌਜੁਆਨ ਵਿਆਹੀਆਂ ਤੇ ਕੁਆਰੀਆਂ ਇਸਤਰੀਆਂ ਤੇ ਸੁੰਦਰ ਨੌਜਵਾਨਾਂ ਨੂੰ ਗੱਡਿਆਂ ਤੇ ਲੱਦੀਂ, ਕੈਦੀ ਬਣਾ ਕੇ ਆਪਣੇ ਦੇਸ਼ ਵਾਸੀਆਂ ਦੇ ਮਨ ਪਰਚਾਵੇ ਲਈ ਗ਼ੁਲਾਮ ਬਣਾ ਕੇ ਲਿਜਾ ਰਿਹਾ ਸੀ। ਖ਼ਾਲਸੇ ਨੇ ਫੈਸਲਾ ਕੀਤਾ ਕਿ ਅਬਦਾਲੀ ਪਾਸੋਂ ਦੇਸ਼ ਦੀ ਦੌਲਤ ਖੋਹਣੀ ਤੇ ਦੇਸ਼ ਦੀਆਂ ਬਹੂ-ਬੇਟੀਆਂ ਹਰ ਕੀਮਤ ਤੇ ਛੁਡਾਉਣੀਆਂ ਹਨ। ਬਾਬਾ ਦੀਪ ਸਿੰਘ ਜੀ ਦੇ ਜੱਥੇ ਦੀ ਸੇਵਾ ਕੁਰੂਕਸ਼ੇਤਰ ਪਾਸ ਲੱਗੀ। ਪਿਪਲੀ ਤੇ ਮਾਰਕੰਢੇ ਦਰਿਆ ਦੇ ਵਿਚਾਲੇ ਬਾਬਾ ਦੀਪ ਸਿੰਘ ਜੀ ਨੇ ਜਦੋਂ ਭਾਰਤੀ ਮੁਟਿਆਰਾਂ ਦੇ ਕੀਰਨੇ ਤੇ ਹਾਹਾਕਾਰ ਦੀਆਂ ਆਵਾਜ਼ਾਂ ਸੁਣੀਆਂ ਤਾਂ ਸਿੰਘਾਂ ਨੂੰ ਹੱਲਾ ਬੋਲਣ ਦਾ ਹੁਕਮ ਦਿੱਤਾ। ਸਿੰਘ ਸੂਰਮੇ ਟੁੱਟ ਕੇ ਦੁਰਾਨੀਆਂ ਤੇ ਜਾ ਪਏ, ਕੁਝ ਦੁਰਾਨੀ ਸਿਪਾਹੀਆਂ ਨਾਲ ਲੜਨ ਲੱਗੇ ਤੇ ਬਾਕੀਆਂ ਨੇ ਅਬਲਾਵਾਂ ਦੇ ਗੱਡੇ ਹੱਕ ਲਏ ਤੇ ਕੁਝ ਕੀਮਤੀ ਸਾਜ਼ੋ ਸਮਾਨ ਦੇ ਲੱਦੇ ਪਸ਼ੂ ਵੀ ਹੱਕ ਲਏ।

ਇਉਂ ਬਾਬਾ ਜੀ ਦੇ ਜੱਥੇ ਦੇ ਸਿੰਘਾਂ ਨੇ ਦੁਰਾਨੀ ਲੁਟੇਰੇ ਦਾ ਭਾਰ ਹੌਲਾ ਕੀਤਾ, 300 ਦੇ ਕਰੀਬ ਭਾਰਤੀ ਸੁੰਦਰ ਬੀਬੀਆਂ ਤੇ 100 ਕੁ ਸੁੰਦਰ ਭਾਰਤੀ ਲੜਕੇ ਦੁਰਾਨੀ ਦੀ ਕੈਦ ਚੋਂ ਛੁਡਾ ਲਏ। ਕੋਈ ਮਰਹੱਟਾ ਰਾਜਪੂਤ ਇਹਨਾਂ ਮਜ਼ਲੂਮਾਂ ਦੀ ਮਦਦ ਤੇ ਨਾ ਪੁੱਜਾ। ਗੁਰੂ ਕੇ ਸ਼ੇਰ ਸਿੰਘਾਂ ਨੇ ਇਨ੍ਹਾਂ ਮਜ਼ਲੂਮਾਂ ਨੂੰ ਛੁਡਾਇਆ ਹੀ ਨਹੀਂ ਸਗੋਂ ਕੋਲੋਂ ਖਰਚ ਕੇ ਨਾਲ ਜਾ ਕੇ ਘਰੋਂ-ਘਰੀਂ ਪਹੁੰਚਾਇਆ। ਭਾਵੇਂ ਉਹ ਮੁਸਲਮਾਨ ਬੱਚੇ ਬੱਚੀਆਂ ਸਨ ਭਾਵੇਂ ਹਿੰਦੂ, ਇਸ ਗੱਲ ਦਾ ਖਿਆਲ ਨਹੀਂ ਰੱਖਿਆ ਗਿਆ। ਸਿੱਖਾਂ ਦੇ ਉੱਚੇ ਸੁੱਚੇ ਆਚਰਣ ਕਾਰਨ ਹੀ ਤਾਂ ਇਹ ਗ਼ੁਲਾਮ ਬੱਚੀਆਂ ਪੁਕਾਰਿਆ ਕਰਦੀਆਂ ਸਨ,"ਮੋੜੀਂ ਬਾਬਾ ਕੱਛ ਵਾਲਿਆ ਛੱਟੀ, ਨਹੀਂ ਤਾਂ ਗਈ, ਰੰਨ ਗਈ, ਬਸਰੇ ਨੂੰ ਗਈ।" ਹੋਰ ਸਿੰਘਾਂ ਦੇ ਜੱਥੇ ਆਪਣੀ-ਆਪਣੀ

ਸੇਵਾ ਅਟਕ ਦਰਿਆ ਤੱਕ ਬਾਬਾ ਜੀ ਦੇ ਜੱਥੇ ਵਾਂਗ ਹੀ ਨਿਭਾਉਂਦੇ ਰਹੇ ਤੇ ਇਵੇਂ ਲੋਕਾਂ ਦੀ ਇੱਜ਼ਤ ਨੂੰ ਬਚਾ ਕੇ ਘਰੋਂ-ਘਰੀਂ ਪਹੁੰਚਾਉਂਦੇ ਰਹੇ।

ਵਾਪਸ ਜਾਂਦਾ ਹੋਇਆ ਅਬਦਾਲੀ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਬਣਾ ਗਿਆ ਤੇ ਜਹਾਨ ਖ਼ਾਨ ਨੂੰ ਸੈਨਾਪਤੀ ਅਤੇ ਹੁਕਮ ਦੇ ਗਿਆ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ,ਸਿੰਘਾਂ ਦੇ ਸ਼ਹਿਰ ਅੰਮ੍ਰਿਤਸਰ ਤੇ ਪਵਿੱਤਰ ਦਰਬਾਰ ਸਾਹਿਬ ਨੂੰ ਢਾਹ ਫੇਰੀ ਕਰਨ ਤੇ ਸਰੋਵਰ ਨੂੰ ਮਲਬੇ ਨਾਲ ਪੂਰਨ ਦਾ।

ਮਈ 1757 ਵਿਚ ਤੈਮੂਰ ਸ਼ਾਹ ਦੇ ਹੁਕਮ ਨਾਲ ਜਹਾਨ ਖ਼ਾਨ ਭਾਰੀ ਫੌਜ ਲੈ ਕੇ ਅੰਮ੍ਰਿਤਸਰ ਪੁੱਜਾ। ਬਾਬਾ ਗੁਰਬਖਸ਼ ਸਿੰਘ ਜੀ (ਪਿੰਡ ਲੀਲ੍ਹ ਵਾਲੇ) ਨੇ 30 ਕੁ ਸਾਥੀਆਂ ਸਣੇ ਡੱਟ ਕੇ ਮੁਕਾਬਲਾ ਕੀਤਾ ਤੇ ਸਾਰੇ ਸਿੰਘ ਸ਼ਹੀਦ ਹੋ ਗਏ। ਜਹਾਨ ਖ਼ਾਨ ਨੇ ਆਲੇ ਦੁਆਲੇ ਦੇ ਮਕਾਨ ਢਾਹ ਕੇ ਪਵਿੱਤਰ ਸਰੋਵਰ ਪੂਰ ਦਿੱਤਾ ਤੇ ਦਰਬਾਰ ਸਾਹਿਬ ਜੀ ਦੀ ਸ਼ਾਨਦਾਰ ਇਮਾਰਤ ਨੂੰ ਵੀ ਗਿਰਾ ਦਿੱਤਾ। ਮਗਰੋਂ ਸਖ਼ਤ ਫੌਜੀ ਪਹਿਰਾ ਲਾ ਕੇ ਵਾਪਸ ਪਰਤ ਗਿਆ। ਸਾਰੇ ਅੰਮ੍ਰਿਤਸਰ ਸ਼ਹਿਰ ਵਿਚ, ਜਹਾਨ ਖ਼ਾਨ ਦੇ ਇਸ ਕਾਰੇ ਕਰਕੇ ਹਾਹਾਕਾਰ ਮਚ ਗਈ। ਇਕ ਸਿੱਖ ਨੇ ਇਸ ਘਟਨਾ ਦੀ ਖ਼ਬਰ ਦਮਦਮਾ ਸਾਹਿਬ ਬਾਬਾ ਦੀਪ ਸਿੰਘ ਜੀ ਨੂੰ ਜਾ ਸੁਣਾਈ।

ਦਰਬਾਰ ਸਾਹਿਬ ਦੀ ਇਹ ਬੇਅਦਬੀ ਦੀ ਖ਼ਬਰ ਦਮਦਮਾ ਸਾਹਿਬ ਪੁੱਜ ਗਈ। ਇਹ ਖ਼ਬਰ ਸੁਣਦਿਆਂ ਹੀ ਬਾਬਾ ਜੀ ਦੇ ਮਨ ਨੂੰ ਤੀਰ ਜਿਹਾ ਵੱਜਾ। ਆਪ ਜੀ ਨੇ ਉਸੇ ਵੇਲੇ ਅੰਮ੍ਰਿਤਸਰ ਪਹੁੰਚ ਕੇ ਇਸ ਬੇਅਦਬੀ ਨੂੰ ਦੂਰ ਕਰਨ ਦਾ ਫੈਸਲਾ ਕਰ ਲਿਆ। ਆਪ ਨੇ ਅਰਦਾਸਾ ਸੋਧਿਆ ਤੇ ਤੁਰ ਪਏ। ਪੰਜ ਸੌ ਸਿੰਘਾਂ ਦਾ ਜੱਥਾ ਉਹਨਾਂ ਦੇ ਨਾਲ ਤਿਆਰ ਹੋਇਆ। ਰਾਹ ਵਿਚ ਬਹੁਤ ਸਾਰੇ ਸਿੰਘ ਆਪ ਜੀ ਦੇ ਨਾਲ ਰਲਦੇ ਗਏ। ਤਰਨ ਤਾਰਨ ਪਹੁੰਚਣ ਤੱਕ ਉਹਨਾਂ ਦੇ ਨਾਲ ਪੰਜ ਹਜ਼ਾਰ ਸਿੰਘਾਂ ਦਾ ਜੱਥਾ ਬਣ ਗਿਆ। ਜੰਗ ਦੀ ਤਿਆਰੀ ਸਮੇਂ ਬਾਬਾ ਜੀ ਦੀ ਉਮਰ ਲਗਭਗ 75 ਸਾਲ ਦੀ ਸੀ। ਇਤਨੀ ਬਿਰਧ ਅਵਸਥਾ ਵਿਚ ਖੰਡਾ ਹੱਥ ਫੜ ਮੈਦਾਨੇ ਜੰਗ ਵਿਚ ਜੂਝੇ। ਇਹ ਖੰਡਾ ਅਕਾਲ ਤਖ਼ਤ ਸਾਹਿਬ ਵਿਚ ਅਜੇ ਵੀ ਪਿਆ ਹੈ। ਦੁਨੀਆਂ ਦੇ ਇਤਿਹਾਸ ਵਿਚ ਇਤਨੇ ਬਜ਼ੁਰਗ ਜਰਨੈਲ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਧਰੋਂ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ। ਹਾਜ਼ੀ ਅਤਾਈ ਖ਼ਾਨ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਚੱਕਰ ਲਾ ਰਿਹਾ ਸੀ। ਉਸ ਨੂੰ ਹੁਕਮ ਹੋਇਆ ਕਿ ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਓ। ਉਧਰੋਂ ਸੂਬੇ ਨੇ ਲਾਹੌਰ ਵਿਚ ਢੋਲ ਵਜਵਾ ਕੇ ਜਹਾਦ ਦਾ ਐਲਾਨ ਕੀਤਾ ਅਤੇ ਸਾਰਿਆਂ ਮੋਮਨਾਂ ਨੂੰ ਨਿਤਰਨ ਲਈ ਵੰਗਾਰਿਆ।

ਲਾਹੌਰ ਦਾ ਫੌਜਦਾਰ, ਜਹਾਨ ਖ਼ਾਨ, ਭਾਰੀ ਫੌਜ ਲੈ ਕੇ ਅੰਮ੍ਰਿਤਸਰ ਵੱਲ ਵਧਿਆ। ਦੋਹਾਂ ਦਲਾਂ ਦਾ ਗੋਲ੍ਹਵੜ ਲਾਗੇ ਟਾਕਰਾ ਹੋਇਆ। ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫੌਜਾਂ ਵਿਚ ਭਾਜੜ ਪੈ ਗਈ। ਪਰ ਇੰਨੇ ਚਿਰ ਨੂੰ ਹਾਜ਼ੀ ਅਤਾਈ ਖਾਂ ਵੀ ਤੋਪਾਂ ਲੈ ਕੇ ਪਹੁੰਚ ਗਿਆ। ਫਿਰ ਬੜੇ ਘਮਸਾਨ ਦੀ ਲੜਾਈ ਹੋਈ। ਸਿੱਖ ਸਹਿਜ-ਸਹਿਜੇ ਲੜਦੇ ਅਗਾਂਹ ਵਧਦੇ ਗਏ। ਜਦੋਂ ਅੰਮ੍ਰਿਤਸਰ ਦੇ ਬਾਹਰ ਰਾਮਸਰ ਦੇ ਪਾਸ ਪਹੁੰਚੇ

ਤਾਂ ਬਾਬਾ ਦੀਪ ਸਿੰਘ ਨੂੰ ਧੌਣ ਵਿਚ ਤਲਵਾਰ ਦਾ ਮਾਰੂ ਫੱਟ ਲੱਗਾ। ਉਹ ਡਿੱਗਣ ਹੀ ਲੱਗੇ ਸਨ ਕਿ ਨਾਲ ਦੇ ਇਕ ਸਿੰਘ ਨੇ ਕਿਹਾ, " ਬਾਬਾ ਜੀ ਤੁਸਾਂ ਅਰਦਾਸਾ ਤਾਂ ਸੋਧਿਆ ਸੀ ਕਿ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਵਾਂਗੇ ਪ੍ਰੰਤੂ ਇਥੇ ਹੀ ਫ਼ਤਿਹ ਗਜਾ ਚਲੇ ਹੋ।"ਤਾਂ ਬਾਬਾ ਜੀ ਨੇ ਹੌਂਸਲੇ ਨਾਲ ਸੀਸ ਨੂੰ ਖੱਬੇ ਹੱਥ ਨਾਲ ਠੱਲ੍ਹਿਆ ਅਤੇ ਸੱਜੇ ਹੱਥ ਨਾਲ ਖੰਡਾ ਵਾਹੁੰਦੇ ਤੇ ਵੈਰੀਆਂ ਦੇ ਆਹੂ ਲਾਹੁੰਦੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਜਾ ਪੁੱਜੇ। ਉਥੇ ਪਹੁੰਚ ਕੇ ਆਪ ਸੁਆਸ ਤਿਆਗੇ। ਇਹ ਘਟਨਾ 13 ਨਵੰਬਰ 1757 ਦੀ ਹੈ।

ਆਓ! ਅਸੀਂ ਵੀ ਆਪਣੇ ਪੁਰਾਤਨ ਬਜ਼ੁਰਗਾਂ ਦੇ ਨਕਸ਼ੇ ਕਦਮਾਂ ਤੇ ਤੁਰਦੇ ਹੋਏ ਆਪਣੇ ਗੁਰਧਾਮਾਂ ਗੁਰਦੁਆਰਿਆਂ ਤੇ ਸਿੱਖੀ ਦੇ ਸੋਮਿਆਂ ਦੀ ਪਵਿੱਤਰਤਾ ਨੂੰ ਹਰ ਕੀਮਤ ਤੇ ਕਾਇਮ ਰੱਖਣ ਦਾ ਪ੍ਰਣ ਕਰੀਏ ਤਾਂ ਜੋ ਕਦੀ ਵੀ ਜਰਵਾਣੇ ਨੂੰ ਹੀਆ ਨਾ ਪੈ ਸਕੇ ਸਿੱਖ ਗੁਰਧਾਮਾਂ ਦੀ ਬੇਅਦਬੀ ਕਰਨ ਦਾ। ਸਾਡੇ ਗੁਰਧਾਮ ਸਾਨੂੰ ਜਾਨੋਂ ਵੱਧ ਪਿਆਰੇ ਹਨ,ਪਰ ਇਹ ਹੋਵੇਗਾ ਉਦੋਂ ਹੀ ਜਦੋਂ ਸਾਨੂੰ ਗੁਰੂ ਪਿਆਰਾ ਹੋਵੇਗਾ।

***

ਫ਼ਿਲਾਸਫੀ

੪. ਖ਼ਾਲਸਾ ਪੰਥ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਤ ਸਿੱਖ ਰਹਿਤ ਮਰਯਾਦਾ ਜਿਸ ਨੂੰ ਪੰਥ ਪ੍ਰਮਾਣੀਕ ਹੋਣ ਦਾ ਮਾਣ ਹੈ, ਵਿਚ "ਗੁਰੂ ਪੰਥ" ਦੀ ਤਾਰੀਫ ਇਸ ਪ੍ਰਕਾਰ ਕੀਤੀ ਗਈ ਹੈ" ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ "ਗੁਰੂ ਪੰਥ" ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

"ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਗੁਰਸਿੱਖ ਨੇ ਆਪਣੇ ਜੀਵਨ ਲਈ ਆਤਮਕ ਲਾਗ ਲਾਉਣੀ ਹੈ, ਉਥੇ ਆਪਣੀ ਕੌਮ, ਸਮਾਜ, ਜਾਂ ਭਾਈਚਾਰੇ ਦੇ ਨਰੋਏ ਵਿਕਾਸ ਲਈ ਭਾਈਚਾਰਕ, ਸਮਾਜਕ ਤੇ ਰਾਜਸੀ ਆਦਰਸ਼ਾਂ ਲਈ ਅਗਵਾਈ ਗੁਰੂ ਪੰਥ ਕੋਲੋਂ ਲੈਣੀ ਹੈ। ਸਿੱਖ ਕੇਵਲ ਉਹੋ ਅਖਵਾ ਸਕਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਪੰਥ ਤੇ ਪੂਰਨ ਵਿਸ਼ਵਾਸ ਤੇ ਅਕੀਦਤ ਰਖਦਾ ਹੋਵੇ ਤੇ ਇਹ ਗਲ ਜਾਣ ਲੈਣੀ ਚਾਹੀਦੀ ਹੈ ਕਿ ਗੁਰੂ ਪੰਥ ਦੇ ਨਿਯਮਾਂ ਜਾਂ ਡਿਸਿਪਲਿਨ ਵਿਚ ਵਿਸ਼ਵਾਸ ਨਾ ਰੱਖਣ ਵਾਲਾ ਹੋਰ ਜੋ ਮਰਜ਼ੀ ਹੋਵੇ, ਗੁਰਮਤਿ ਅਨੁਸਾਰ, ਗੁਰਸਿੱਖ ਅਖਵਾਉਣ ਦਾ ਹੱਕਦਾਰ ਨਹੀਂ,ਪਰ ਵੱਡਾ ਝਗੜਾ ਇਹ ਪੈ ਚੁੱਕਾ ਹੈ ਕਿ ਗੁਰੂ ਪੰਥ ਹੈ ਕੌਣ? ਹਰ ਉਹ ਅਨਾੜੀ ਜਿਸ ਨੂੰ ਦੋ ਬੂਟੀਆਂ ਕਿਤੋਂ ਹੱਥ ਲਗ ਗਈਆਂ ਹਨ,ਆਪਣੇ ਆਪ ਨੂੰ ਖ਼ਾਨਦਾਨੀ ਪੰਸਾਰੀ ਸਾਬਤ ਕਰ ਰਿਹਾ ਹੈ। ਕੁਝ ਕੁ ਭੁੱਲੜ ਸੇਵਕ ਪਿਛੇ ਲਾ ਕੇ ਥੋੜ੍ਹੀ ਬਹੁਤੀ ਗੁਰਬਾਣੀ ਦੀ ਟੇਕ ਲੈ ਕੇ ਅਤੇ ਉਸ ਨੂੰ ਗ਼ਲਤ ਰੰਗਣ ਦੇ ਕੇ ਆਪਣੇ ਪ੍ਰਾਪੇਗੰਢੇ ਦੇ ਜ਼ੋਰ ਨਾਲ ਲੋਕਾਂ ਨੂੰ ਗੁਮਰਾਹ ਕਰਕੇ ਆਪਣੇ ਨਿਆਰੇ-ਨਿਆਰੇ ਪੰਥ ਚਲਾਈ ਜਾ ਰਹੇ ਹਨ। ਐਸੀ ਹਨੇਰ ਗਰਦੀ ਮਚ ਗਈ ਹੈ ਕਿ "ਕੋਈ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ" ਵਾਲੀ ਹਾਲਤ ਪ੍ਰਗਟ ਹੋ ਚੁੱਕੀ ਹੈ। ਨਿਤ ਨਵੇਂ 'ਸਤਿਗੁਰ',

'ਸੰਤ' ਤੇ 'ਸਾਧ' ਪ੍ਰਗਟ ਹੋ ਰਹੇ ਹਨ। ਹਰ ਕੋਈ ਆਪਣੇ ਪੰਥ ਨੂੰ ਹੀ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਵਾਲਾ ਕਹਿ ਕੇ ਭੁਲੇਖਾ ਪਾਈ ਜਾ ਰਿਹਾ ਹੈ।

ਗੁਰਬਾਣੀ ਅਤੇ ਪੁਰਾਤਨ ਸਿੱਖ ਬਜ਼ੁਰਗਾਂ ਦੁਆਰਾ ਪ੍ਰਚਾਰੇ ਹੋਏ ਅਸੂਲਾਂ ਤੋਂ ਕੋਹਾਂ ਦੂਰ ਜਾਂਦੇ ਹੋਏ ਵੀ ਗੁਰਮਤਿ ਦੀ ਦੁਹਾਈ ਦਿੱਤੀ ਜਾ ਰਹੇ ਹਨ, ਤੇ ਤਰ੍ਹਾਂ ਤਰ੍ਹਾਂ ਦੇ ਆਪਣੇ ਆਪ ਬਣੇ ਸੰਤਾਂ ਸਾਧਾਂ ਤੇ ਸਤਿਗੁਰਾਂ ਨੇ ਪੰਥ ਨਾਲ ਮਹਾਨ ਧਰੋਹ ਕਮਾ ਕੇ ਪੰਥ ਨੂੰ ਖੇਰੂੰ ਖੇਰੂੰ ਕਰਕੇ ਵਿਗਾੜ ਛਡਿਆ ਹੈ। ਨਤੀਜਾ ਇਹ ਹੋਇਆ ਕਿ ਨਵੀਂ ਪੀੜ੍ਹੀ ਦੇ ਲੋਕ ਗੁਰਮਤਿ ਤੋਂ ਅਣਵਾਕਫ ਹੋ ਰਹੇ ਹਨ। ਨੌਜੁਆਨ ਤੇਜ਼ੀ ਨਾਲ ਗੁਰਮਤਿ ਤੋਂ ਟੁੱਟ ਰਹੇ ਹਨ ਤੇ ਉਹ ਸਿੱਖ ਆਚਰਨ ਜਿਸਤੇ ਸਾਨੂੰ ਮਾਣ ਸੀ, ਲੁਪਤ ਹੁੰਦਾ ਜਾ ਰਿਹਾ ਹੈ, ਪਰ ਸਾਡੇ ਇਹ ਆਪ ਬਣੇ ਚੌਧਰੀ ਆਪਣੇ ਆਪਣੇ ਪੰਥ ਚਲਾਉਣ ਵਿਚ ਲਗੇ ਹੋਏ ਹਨ। ਲੋਕਾਂ ਨੂੰ ਭੁਲੇਖਾ ਪਾ ਕੇ ਘੋਰ ਪਾਖੰਡ ਰਾਹੀਂ ਆਪਣੀ-ਆਪਣੀ ਦੁਕਾਨਦਾਰੀ ਚਲਾਈ ਜਾ ਰਹੀ ਹੈ।

ਇਧਰ ਪੰਥ ਦਾ ਆਗੂ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਤੇ ਉਧਰ ਇਤਨੀ ਗਿਰਾਵਟ ਕਿ ਕੌਮ ਨੂੰ ਆਪਣੇ ਮਗਰ ਲਾਉਣ ਲਈ ਸ਼ਹੀਦਾਂ ਦੇ ਨਾਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸ਼ਹੀਦਾਂ ਦਾ ਖ਼ੂਨ ਗਿਰਵੀ ਰੱਖ ਕੇ ਜੱਥੇਦਾਰੀਆਂ ਮੰਗਣੋਂ ਸ਼ਰਮ ਨਾ ਕਰਨ ਵਾਲੀ ਬਿਰਤੀ ਆਖਰ ਕੌਮ ਨੂੰ ਕਿਥੇ ਲਿਜਾਏਗੀ। ਝੋਲੀ ਚੁੱਕੀ ਦੀ ਤਾਂ ਹਦ ਹੀ ਮੁਕ ਗਈ ਹੈ। "ਦੁਆਰਹਿ ਦੁਆਰਿ ਸੁਆਨਿ ਜਿਉ ਡੋਲਤ" ਵਾਲੀ ਗੱਲ ਬਣੀ ਪਈ ਹੈ। ਇਧਰੋਂ ਪੰਥ ਦੇ ਆਗੂ ਤੇ ਜੱਥੇਦਾਰ ਅਖਵਾਉਣ ਵਾਲੇ ਪੰਥ ਨੂੰ ਦੂਜਿਆਂ ਦੇ ਪੈਰਾਂ ਤੇ ਰੁਲਾਉਣ ਲਈ ਘੱਟ ਨਹੀਂ ਕਰ ਰਹੇ। ਕੌਮ ਤੇ ਇਸ ਸਮੇਂ ਧਾਰਮਿਕ ਗਿਰਾਵਟਾਂ ਦੇ ਬੈਰੂਨੀ ਅਸਮਾਨ ਆ ਟੁਟੇ ਹਨ, ਪਰ ਇਹਨਾਂ ਅਖੌਤੀ ਆਗੂਆਂ ਦਾ ਖਿਆਲ ਇਸ ਪਾਸੇ ਉੱਕਾ ਹੀ ਨਹੀਂ ਹੈ। ਹੁਣ ਤਾਂ ਕੋਈ "ਹਰਿਉ ਬੂਟ ਰਹਿਉ ਰੀ" ਵਾਲੀ ਅਵਸਥਾ ਬਣੀ ਪਈ ਹੈ।

ਸੋ, ਸਮੂਹ ਤਿਆਰ ਬਰ ਤਿਆਰ ਸਿੰਘਾਂ ਤੇ ਪੰਥ ਦਰਦੀਆਂ ਨੂੰ ਅਪੀਲ ਕਰਦੇ ਹਾਂ ਕਿ ਆਪਣੇ ਨਿਜੀ ਮਤ ਭੇਦ ਤੇ ਨਿਗੂਣੀਆਂ ਚੌਧਰਾਂ ਦੇ ਝਗੜੇ ਲਾਂਭੇ ਕਰ ਕੇ 'ਗੁਰੂ ਪੰਥ' ਦੀ ਅਸਥਾਪਨਾ ਲਈ ਡਟ ਜਾਉ। ਸਾਹਿਬਾਂ ਨੇ ਇਕੋ ਪੰਥ ਬਣਾਇਆ ਸੀ ਤੇ ਹੁਣ ਵੀ ਇਕੋ ਪੰਥ ਹੀ ਹੋਣਾ ਚਾਹੀਦਾ ਹੈ। ਇਕ ਅੱਗੇ ਹੀ ਗਿਣਤੀ ਦੇ ਪੱਖੋਂ ਅਸੀਂ ਘੱਟ ਹਾਂ, ਤੇ ਉਤੋਂ ਇਲਾਕਿਆਂ, ਬਿਰਾਦਰੀਆਂ, ਜ਼ਾਤਾਂ, ਪੇਂਡੂ ਤੇ ਸ਼ਹਿਰੀ ਜਟ ਤੇ ਭਾਪਾ ਆਦਿਕ ਪੁਆੜਿਆਂ ਨੇ ਸਾਡਾ ਹੋਰ ਬੇੜਾ ਗਰਕ ਕਰ ਛਡਿਆ ਹੈ। ਖ਼ਾਲਸਾ ਜੀ, ਯਾਦ ਰੱਖੋ! ਸਾਡੀ ਇਸ ਸਮੇਂ ਕੀਤੀ ਅਣ-ਗਹਿਲੀ ਸਾਡੇ ਪਿਆਰੇ ਸ਼ਹੀਦਾਂ ਦੇ ਖ਼ੂਨ ਤੇ ਪਾਣੀ ਫੇਰ ਦੇਵੇਗੀ। ਆਪਣੇ ਬੱਚਿਆਂ ਤੇ ਨੌਜਵਾਨਾਂ ਦਾ ਗੁਰਸਿੱਖੀ ਤੋਂ ਟੁਟਿਆ ਜੀਵਨ ਕੌਮ ਦੇ ਕਾਲੇ ਭਵਿੱਖਤ ਦਾ ਅਲਾਰਮ ਦੇ ਰਿਹਾ ਹੈ।

ਆਪਣੇ ਚੁੰਚ-ਗਿਆਨ ਨੂੰ ਛਾਂਟਣ, ਮਨ-ਮਰਜ਼ੀ ਦੀਆਂ ਗੁਰਮਤਾਂ ਤੇ ਬਹਿਸ ਮੁਬਾਸੇ ਕਰਨ ਵਾਲੀ ਵਾਦੀ ਤੋਂ ਕੁਝ ਅਰਸੇ ਲਈ ਤਾਂ ਨਜ਼ਾਤ ਪਾਉ, ਨਹੀਂ ਤਾਂ ਜੇ ਇਸੇ ਤਰ੍ਹਾਂ ਅਵੇਸਲੇ ਰਹੇ ਤਾਂ ਪਤਿਤ ਪੁਣੇ ਦੀ ਲਹਿਰ ਹੋਰ ਜ਼ਿਆਦਾ ਕੌਮ ਨੂੰ ਲਪੇਟ ਵਿਚ ਲੈ ਲਵੇਗੀ। ਆਪਣੇ ਮਤਭੇਦਾਂ ਨੂੰ ਬਿਬੇਕ ਬੁੱਧੀ ਨਾਲ ਹੱਲ ਕਰੋ, ਤੇ ਜੇ ਫਿਰ ਵੀ ਮਸਲੇ ਹੱਲ ਨਾ ਹੋਣ ਤਾਂ ਸਾਰੇ ਮਸਲੇ ਠੱਪ ਦਿਉ ਤੇ ਪਹਿਲੇ ਪੰਥਕ ਜਥੇਬੰਦੀ ਬਣਾਉ, ਜਿਸ ਦਾ ਮੁੱਖ ਨਿਸ਼ਾਨਾ

ਪਤਿਤ-ਪੁਣੇ ਦੀ ਲਹਿਰ ਦਾ ਫੌਰੀ ਤੌਰ ਤੇ ਭੋਗ ਪਾਉਣਾ ਤੇ ਸਾਡੀ ਨਵੀਂ ਪੀੜ੍ਹੀ ਦੇ ਮਨਾਂ ਅੰਦਰੋਂ ਆਤਮ-ਹੀਣਤਾ ਦੀ ਵੱਧ ਰਹੀ ਭਾਵਨਾ ਨੂੰ ਦੂਰ ਕਰਨਾ ਹੋਣਾ ਚਾਹੀਦਾ ਹੈ।

***

9. ਸੰਸਕਾਰ ਤੇ ਰਹਿਤ ਮਰਯਾਦਾ

ਸਿੱਖ ਧਰਮ ਆਪਣੇ ਆਪ ਵਿਚ ਇਕ ਸੰਪੂਰਣ ਜੀਵਨ ਜਾਚ ਅਤੇ ਆਦਰਸ਼ ਹੈ। ਦਸਾਂ ਪਾਤਸ਼ਾਹੀਆਂ ਨੇ ਇਸ ਨੂੰ ਪੇਸ਼ ਕੀਤਾ ਹੈ। ਇਸ ਵਿਚ ਮਨੁੱਖਾ ਜੀਵਨ ਨੂੰ ਚੰਗੇ ਢੰਗ ਨਾਲ ਗੁਜ਼ਾਰਨ ਦੇ ਸਾਰੇ ਸਾਧਨ ਦਸੇ ਹਨ। ਇਹਨਾਂ ਅਨੁਸਾਰ ਹਰੇਕ ਆਦਮੀ ਆਤਮਿਕ, ਇਖ਼ਲਾਕੀ ਅਤੇ ਸਮਾਜਿਕ ਉਨਤੀ ਕਰ ਸਕਦਾ ਹੈ। ਸਿੱਖ ਸੰਸਕਾਰਾਂ ਵਿਚ ਵਾਹਿਗੁਰੂ ਦੀ ਯਾਦ, ਸਾਦਗੀ, ਪਵਿੱਤਰਤਾ, ਜਜ਼ਬਾ, ਜੀਵਨ ਦਾ ਰਸ ਅਤੇ ਜਥੇਬੰਦੀ ਦੀ ਸਪਿਰਟ ਪਾਈ ਜਾਂਦੀ ਹੈ। ਕਿਸੇ ਮਜ਼ੂਬ ਦੇ ਸੰਸਕਾਰ ਉਸ ਦੀ ਅੰਦਰਲੀ ਮਨੋ ਅਵਸਥਾ ਨੂੰ ਪ੍ਰਗਟ ਕਰਦੇ ਹਨ।

ਰਹਿਤ ਕੀ ਹੈ ? ਉਹ ਨਿਯਮ ਬੱਧ ਧਾਰਮਿਕ ਅਤੇ ਸੰਜਮੀ ਜੀਵਨ ਦਾ ਢੰਗ, ਜਿਸ ਨਾਲ ਸਿੱਖ ਹਰ ਤਰ੍ਹਾਂ ਦੇ ਵਿਕਾਰਾਂ ਤੋਂ ਬਚਕੇ ਆਤਮਿਕ ਅਤੇ ਸਮਾਜਿਕ ਉਨਤੀ ਕਰਦਾ ਹੈ, ਸਤਿਗੁਰੂ ਜੀ ਫੁਰਮਾਉਂਦੇ ਹਨ-

"ਰਹਤ ਰਹਤ, ਰਹਿ ਜਾਹਿ ਬਿਕਾਰਾ॥" **(ਪੰਨਾ :੨੫੯)**

ਭਾਵ:- ਰਹਿਤ ਰੱਖਣ ਨਾਲ ਮਨੁੱਖ ਵਿਕਾਰਾਂ ਤੋਂ ਬਚਦਾ ਹੈ।

ਸਿੱਖੀ ਜਥੇਬੰਧਕ ਧਰਮ ਹੈ,ਇਸ ਲਈ ਇਸ ਦੀ ਰਹਿਤ ਮਰਯਾਦਾ ਸਮਾਜ ਨੂੰ ਇਕ ਲੜੀ ਵਿਚ ਪਰੋਣ ਅਤੇ ਜਥੇਬੰਦੀ ਨੂੰ ਪੱਕਿਆਂ ਕਰਨ ਵਾਲੀ ਹੈ। ਧਰਮ ਵਿਚ ਚਿਨ੍ਹਾਂ ਦੀ ਕੀ ਲੋੜ ਹੈ? ਕੇਸ, ਕੜਾ, ਕ੍ਰਿਪਾਨ ਆਦਿਕ ਕਕਾਰ ਰੱਖਣ ਦਾ ਕੀ ਲਾਭ ਹੈ? ਅੱਜ ਕੱਲ੍ਹ ਇਹ ਪ੍ਰਸ਼ਨ ਆਮ ਤੌਰ ਤੇ ਕੀਤੇ ਜਾਂਦੇ ਹਨ। ਇਸ ਦਾ ਉੱਤਰ ਇਹ ਹੈ ਕਿ ਜੇ ਸਿੱਖ ਧਰਮ ਸ਼ਖਸੀ ਹੁੰਦਾ, ਫਿਰ ਇਹਨਾਂ ਦੀ ਕੋਈ ਲੋੜ ਨਹੀਂ ਸੀ ਤੇ ਨਾ ਇਨ੍ਹਾਂ ਦੀ ਕੋਈ ਮਹਾਨਤਾ ਹੁੰਦੀ ਚੂੰਕਿ ਸਿੱਖੀ ਜਥੇਬੰਧਕ ਧਰਮ ਹੈ,ਇਸ ਲਈ ਕਕਾਰਾਂ ਦੀ ਲੋੜ ਹੈ ਤੇ ਇਹਨਾਂ ਦੀ ਮਹਾਨਤਾ ਵੀ ਹੈ। ਮਜ਼ੂਬ ਨਾ ਸਹੀ,ਕੋਈ ਹੋਰ ਜਥੇਬੰਦੀ ਬਣਾਓ,ਉਸ ਦਾ ਅਨੁਸ਼ਾਸਨ ਕਾਇਮ ਰੱਖਣ ਲਈ ਵੀ ਨਿਯਮ ਜਾਂ ਚਿੰਨ੍ਹ ਕਾਇਮ ਕਰਨੇ ਜ਼ਰੂਰੀ ਹਨ।

ਕਈ ਆਦਮੀ ਕਹਿੰਦੇ ਹਨ, ਕੀ ਚਿੰਨ੍ਹ ਧਾਰਨ ਕੀਤੇ ਤੋਂ ਬਿਨਾਂ ਸਾਡੇ ਆਚਰਣ ਦੀ ਉਸਾਰੀ ਨਹੀਂ ਹੋ ਸਕਦੀ ਜਾਂ ਅਸੀਂ ਨੇਕੀ ਨਹੀਂ ਕਰ ਸਕਦੇ?ਇਸ ਦਾ ਉੱਤਰ ਇਹ ਹੈ ਕਿ ਕੋਈ ਆਦਮੀ ਨੇਕ ਹੋ ਸਕਦਾ ਹੈ, ਉਸ ਦਾ ਆਚਰਣ ਵੀ ਚੰਗਾ ਹੋ ਸਕਦਾ ਹੈ, ਪਰ ਸਿੱਖੀ ਦੀ ਰਹਿਤ ਜਾਂ ਚਿੰਨ੍ਹ ਨੇਕੀ ਜਾਂ ਆਚਰਣ ਦੀ ਉਸਾਰੀ ਵਿਚ ਕੋਈ ਰੁਕਾਵਟ ਨਹੀਂ ਬਲਕਿ ਸਹਾਇਕ ਹਨ। ਅੰਦਰਲੀ ਨੇਕੀ ਨੂੰ ਪ੍ਰਗਟ ਕਰਦੇ ਹਨ। ਜੋ ਆਦਮੀ ਸ਼ਖਸੀ ਤੌਰ ਤੇ ਨੇਕੀ ਕਰਦਾ ਹੈ ਜਾਂ ਆਚਰਣ ਬਣਾਉਂਦਾ ਹੈ, ਉਹ ਉਸ ਪਹਿਲਵਾਨ ਦੀ ਤਰ੍ਹਾਂ ਹੈ, ਜੋ ਆਪਣੇ ਆਪ ਵਿਚ ਰਿਸ਼ਟ ਪੁਸ਼ਟ ਹੈ, ਪਰ ਪਹਿਲਵਾਨ ਇਕ ਜਥੇਬੰਦੀ ਦੇ ਮੁਕਾਬਲੇ ਤੇ ਲੋਕ ਸੇਵਾ ਕਰਨ ਦਾ ਕੰਮ ਨਹੀਂ ਕਰ ਸਕਦਾ। ਸਿੱਖੀ ਦੀ ਰਹਿਤ ਸ਼ਖਸੀ ਤੇ ਪੰਥਕ ਹੈ।

ਸਿੱਖੀ ਜਥੇਬੰਧਕ ਧਰਮ ਹੈ, ਇਸ ਲਈ ਇਸ ਵਿਚ ਰਹਿਤ ਰੱਖਣੀ, ਕਕਾਰ ਰੱਖਣੇ ਤੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ।

ਹਰੇਕ ਮਜ਼ਬੂਤ ਵਿਚ ਫ਼ਿਲਾਸਫੀ, ਜਜ਼ਬਾਤ ਆਚਰਣ ਦੀ ਉਸਾਰੀ ਲਈ ਇਖ਼ਲਾਕੀ ਅਸੂਲ ਜਾਂ ਨਿਯਮ ਜ਼ਰੂਰੀ ਹਨ। ਆਤਮਿਕ ਭੁੱਖ, ਫ਼ਿਲਾਸਫੀ ਜਾਂ ਗਿਆਨ ਪੂਰੀ ਕਰਦਾ ਹੈ, ਇਖ਼ਲਾਕੀ ਭੁੱਖ ਤੇ ਆਚਰਣ ਦੀ ਉਸਾਰੀ ਸਚਿਆਈ ਅਤੇ ਨੇਕੀ ਪੂਰੀ ਕਰਦੀਆਂ ਹਨ। ਮਜ਼ਬੂਤ ਜੀਵਨ ਦਾ ਰਸ, ਜਜ਼ਬਾ ਪੈਦਾ ਕਰਦਾ ਹੈ। ਸਿੱਖੀ ਪਾਸ ਇਹ ਤਿੰਨੇ ਗੁਣ ਹਨ। ਆਤਮਿਕ ਸਿਖਿਆ ਲਈ ਗੁਰਬਾਣੀ ਹੈ। ਇਖ਼ਲਾਕੀ ਉਸਾਰੀ ਲਈ ਸਿੱਖਾਂ ਦੀ ਰਹਿਤ ਮਰਯਾਦਾ ਹੈ। ਇਹ ਜਥੇਬੰਦੀ ਨੂੰ ਵੀ ਪੱਕਿਆਂ ਕਰਦੀ ਹੈ। ਪੰਜ ਕਕਾਰ ਸਿੱਖੀ ਦੀ ਅੰਦਰਲੀ ਉੱਚਤਾ ਤੇ ਏਕਤਾ ਨੂੰ ਪ੍ਰਗਟ ਕਰਦੇ ਹਨ। ਜਨਮ,ਅੰਮ੍ਰਿਤ, ਵਿਆਹ ਤੇ ਮ੍ਰਿਤਕ ਸੰਸਕਾਰ ਜਿਸ ਢੰਗ ਨਾਲ ਪੂਰੇ ਕੀਤੇ ਜਾਂਦੇ ਹਨ, ਇਹ ਜਜ਼ਬਾ ਪੈਦਾ ਕਰਦੇ ਹਨ।

ਜਨਮ ਤੇ ਨਾਮ ਸੰਸਕਾਰ: (ੳ) ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉੱਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ(ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿਤਾ ਬੰਨਾ (ਸੋਰਠਿ ਮ:5)" "ਸਤਿਗੁਰ ਸਾਚੈ ਦੀਆ ਭੇਜਿ (ਆਸਾ ਮ:5)" ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦੀ ਸਮਾਪਤੀ ਕੀਤੀ ਜਾਵੇ, ਫਿਰ ਹੁਕਮਨਾਮਾ ਲਿਆ ਜਾਵੇ। ਹੁਕਮਨਾਮੇ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉਂ ਪਿੱਛੇ "ਸਿੰਘ" ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ "ਕੌਰ" ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਛੇ ਪਾਉੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ :

"ਜੰਮਣੁ ਮਰਣਾ, ਹੁਕਮੁ ਹੈ, ਭਾਣੈ, ਆਵੈ ਜਾਇ॥

ਖਾਣਾ ਪੀਣਾ ਪਵਿਤ੍ਰ ਹੈ, ਦਿਤੋਨੁ ਰਿਜਕੁ ਸੰਬਾਹਿ॥" (ਪੰਨਾ : ੪੭੨)

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

ਅੰਮ੍ਰਿਤ ਸੰਸਕਾਰ: ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਨੌਵੇਂ ਪਾਤਸ਼ਾਹ ਤੱਕ ਗੁਰੂ ਸਾਹਿਬ ਪਾਹੁਲ ਦਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬਾਨ ਜੀ ਨੇ ਇਸ ਨੂੰ ਖੰਡੇ ਦੀ ਪਾਹੁਲ ਵਿਚ ਬਦਲਿਆ ਹੈ। 1699 ਈ: ਵਿਚ ਅਨੰਦਪੁਰ ਵਿਖੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ

ਜੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਸਜਾਇਆ।

ਅੰਮ੍ਰਿਤ ਕੀ ਹੈ? ਜਿਸ ਦੇ ਪੀਣ ਨਾਲ ਮੌਤ ਨਾ ਹੋਵੇ। ਸ਼ੁਰੂ ਤੋਂ ਲੈ ਕੇ ਹੁਣ ਤੱਕ ਮਨੁੱਖ ਅਜਿਹੀ ਵਸਤੂ ਦੀ ਭਾਲ ਕਰਦਾ ਰਿਹਾ ਹੈ। ਇਸ ਦੀ ਮਨੋ-ਬਿਰਤੀ ਨੂੰ ਮੁਤਾਲਿਆਂ ਕਰਨ ਤੋਂ ਪਤਾ ਲਗਦਾ ਹੈ ਕਿ ਮਨੁੱਖ ਤਿੰਨ ਗੱਲਾਂ ਚਾਹੁੰਦਾ ਹੈ- ਜੀਊਣਾ, ਸੁਖੀ ਰਹਿਣਾ ਅਤੇ ਪ੍ਰਫੁਲਤ ਹੋਣਾ। ਅਮਰ ਜੀਵਨ ਕਿਉਂ ਚਾਹੁੰਦਾ ਹੈ? ਇਸ ਲਈ ਕਿ ਇਸ ਦੀ ਆਤਮਾ ਅਬਿਨਾਸ਼ੀ ਦੀ ਅੰਸ਼ ਹੈ। ਅਨਧਰਮਾਂ ਨੇ ਅੰਮ੍ਰਿਤ ਦੇ ਚਾਰ ਗੁਣ ਦੱਸੇ ਹਨ:

ਅਮਰ ਹੋਣਾ, ਬੁੱਢੇ ਨਾ ਹੋਣਾ, ਤ੍ਰਿਪਤ ਹੋ ਜਾਣਾ ਅਤੇ ਹੋਰ ਰਸ ਫਿੱਕੇ ਮਾਲੂਮ ਹੋਣੇ, ਪਰ ਦਸਮ ਪਾਤਸ਼ਾਹ ਨੇ ਖ਼ਾਲਸੇ ਨੂੰ ਜੋ ਅੰਮ੍ਰਿਤ ਦਿੱਤਾ, ਉਸ ਨੇ ਸਰੀਰਕ ਅਮਰ ਜੀਵਨ ਨਹੀਂ ਦਿੱਤਾ ਬਲਕਿ ਮਨ ਵਿਚੋਂ ਮੌਤ ਦਾ ਡਰ ਕੱਢ ਕੇ ਅਮਰ ਜੀਵਨ ਦਿੱਤਾ ਹੈ। ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਦੇ ਸੀਸ ਮੰਗ ਕੇ ਉਹਨਾਂ ਨੂੰ ਜੀਵਨ ਤੇ ਮੌਤ ਦਾ ਭੇਦ ਸਮਝਾਇਆ। ਉਹਨਾਂ ਨੂੰ ਅੰਮ੍ਰਿਤ ਪਿਲਾ ਕੇ ਅੱਗੋਂ ਛਕਾਉਣ ਦੀ ਆਗਿਆ ਕੀਤੀ ਹੈ। ਅੰਮ੍ਰਿਤ ਛਕਣਾ ਹਰੇਕ ਸਿੰਘ ਲਈ ਜ਼ਰੂਰੀ ਹੈ। ਇਹ ਸਿੱਖੀ ਦਾ ਆਰੰਭ ਹੈ।

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ ਬਰ ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਵੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ ਬਰ ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼ਬ ਤੇ ਹਰ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉੱਪਰ ਚੱਲਣ ਦਾ ਪ੍ਰਣ ਕਰੇ। ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ, ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ ਕਿ ਸਿੱਖ ਧਰਮ ਵਿਚ

ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛੱਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਖ) "ਹਾਂ" ਦਾ ਜਵਾਬ ਆਉਣ ਤੇ ਪੰਜਾਂ ਪਿਆਰਿਆਂ ਵਿਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ, ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀਂ ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰਖਿਆ ਹੋਵੇ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ ਹੋ ਕੇ ਬੈਠ ਜਾਣ।

(ਙ) ਇਹਨਾਂ ਬਾਣੀਆਂ ਦਾ ਪਾਠ ਕਰਨ : ਜਪੁ, ਜਾਪੁ, 10 ਸਵੱਯੇ (ਸ੍ਵਾਵਗ ਸੁਧ ਵਾਲੇ), ਬੇਨਤੀ ਚੌਪਈ ("ਹਮਰੀ ਕਰੋ ਹਾਥ ਦੈ ਰੱਛਾ" ਤੋਂ ਲੈ ਕੇ "ਦੁਸਟ ਦੋਖ ਤੇ ਲੇਹੁ ਬਚਾਈ ਤੱਕ), ਅਨੰਦ ਸਾਹਿਬ।

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ: ਬੋਲ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ" ਛਕਣ ਵਾਲਾ ਛਕ ਕੇ ਕਹੇ"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ" ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਉੱਪਰ ਲਾਏ ਜਾਣ, ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ" ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ "ਵਾਹਿਗੁਰੂ" ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਉਹਨਾਂ ਪਾਸੋਂ ਰਟਨ ਕਰਾਉਣ:-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

(ਟ) ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ ਅੱਜ ਤੋਂ ਤੁਸੀਂ "ਸਤਿਗੁਰ ਕੇ ਜਨਮੇ ਗਵਨ ਮਿਟਾਇਆ" ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ,ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜ਼ਾਤ-ਪਾਤ, ਜਨਮ, ਦੇਸ਼, ਮਜ਼ਹਬ ਦਾ ਖ਼ਿਆਲ ਤੱਕ ਛੱਡ ਕੇ ਨਿਰੋਲ ਖ਼ਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਜਪੁ, ਜਾਪੁ,10 ਸਵੱਯੇ (ਸ੍ਵਾਵਗ ਸੁਧ ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ-ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀ ਕਰਨੀਆਂ:-

ਕੇਸਾਂ ਦੀ ਬੇ-ਅਦਬੀ

ਕੁੱਠਾ ਖਾਣਾ।

ਪਰ ਇਸਤ੍ਰੀ ਜਾਂ ਪਰ ਪੁਰਸ਼ ਦਾ ਗਮਨ (ਭੋਗਣਾ)

ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ। ਸਿਰਗੁੰਮ, ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ। ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

ਤਨਖਾਹੀਏ ਇਹ ਹਨ :

1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਅਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।

2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

3. ਦਾਹੜਾ ਰੰਗਣ ਵਾਲਾ।

4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।

6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।

7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਡ) ਇਹ ਸਿਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ "ਹੁਕਮ" ਲਵੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

(ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

ਅਨੰਦ ਸੰਸਕਾਰ

'ਅਨੰਦ' ਇਕ ਮਰਯਾਦਾ ਰੂਪ ਸਬੰਧ ਹੈ, ਜਿਸ ਨਾਲ ਪੁਰਖ ਅਤੇ ਇਸਤਰੀ ਪਤੀ ਪਤਨੀ ਬਣ ਜਾਂਦੇ ਹਨ। ਇਹ ਇਕ ਧੁਰਾ ਹੈ, ਜੋ ਦੋਹਾਂ ਨੂੰ ਇਕ ਚਾਲ ਤੁਰਨ ਲਈ ਜੋੜਦਾ ਹੈ। ਨਵੀਆਂ ਖਾਹਸ਼ਾਂ ਪੂਰੀਆਂ ਕਰਨ ਨਾਲ ਜੋ ਮਨੋ ਅਵਸਥਾ ਪੈਦਾ ਹੁੰਦੀ ਹੈ, ਉਸ ਨੂੰ ਖੁਸ਼ੀ, ਹੁਲਾਸ, ਰਸ ਜਾਂ ਸਵਾਦ ਕਹਿੰਦੇ ਹਨ। ਆਤਮਾ ਦੇ ਘਰ ਪਰਮੇਸ਼ਵਰ ਵਿਚ ਲੀਨ ਹੋਣ ਨਾਲ ਜੋ ਹਾਲਤ ਪੈਦਾ ਹੁੰਦੀ ਹੈ, ਉਸ ਦਾ ਨਾਂ 'ਅਨੰਦ' ਹੈ। ਪ੍ਰਭੂ ਦੀ ਪ੍ਰਾਪਤੀ ਅਤੇ ਜੀਵਨ ਨੂੰ ਸਫ਼ਲ ਬਨਾਉਣ ਲਈ ਇਸਤਰੀ ਪੁਰਖ ਦੇ ਮਿਲਵੇਂ ਯਤਨ ਤੇ ਪਵਿੱਤਰ ਸੰਜੋਗ ਦਾ ਨਾਂ ਅਨੰਦ ਹੈ। ਗੁਰੂ ਸਾਹਿਬ ਨੇ ਗ੍ਰਿਹਸਤ ਬਾਰੇ ਤਿੰਨਾਂ ਗੱਲਾਂ ਤੇ ਵਿਚਾਰ ਕੀਤੀ ਹੈ-

ਗ੍ਰਿਹਸਤ ਕਿਉਂ ਜ਼ਰੂਰੀ ਹੈ?

ਇਸਤਰੀ ਪੁਰਸ਼ ਦੀ ਸਹੀ ਚੋਣ?

ਗ੍ਰਿਹਸਤੀ ਦੇ ਫਰਜ਼?

ਕੁਦਰਤ ਨੇ ਮਨੁੱਖਤਾ ਦੇ ਦੋ ਅੰਗ ਬਣਾਏ ਹਨ, ਇਕ ਇਸਤਰੀ, ਦੂਜਾ ਪੁਰਸ਼। ਦੋਹਾਂ ਵਿਚ ਵੱਖੋ ਵੱਖ ਗੁਣ ਪਾਏ ਜਾਂਦੇ ਹਨ। ਇਹ ਅੱਡ-ਅੱਡ ਰਹਿਣ ਤਾਂ ਨਾ ਮੁਕੰਮਲ ਹਨ, ਮਨੁੱਖਤਾ ਨੂੰ ਮੁਕੰਮਲ ਕਰਨਾ ਅਤੇ ਹਰ ਪ੍ਰਕਾਰ ਦੀ ਉੱਨਤੀ ਕਰਨੀ। ਭਾਈ ਗੁਰਦਾਸ ਜੀ ਲਿਖਦੇ ਹਨ:-

"ਸਗਲ ਧਰਮੁ ਮਹਿ ਗ੍ਰਿਹਸਤ ਪ੍ਰਧਾਨੁ ਹੈ॥"

"ਗ੍ਰਿਹਸਤ ਦੇ ਮਾਇਨੇ ਹਨ- ਗ੍ਰਿਹਣ ਤੇ ਸਥਿਰ ਕਰਨਾ॥"

ਇਸਤਰੀ ਪੁਰਸ਼ ਇਕ ਅਜਿਹੀ ਇਕਾਈ ਹਨ, ਜਿਨ੍ਹਾਂ ਦੇ ਮਿਲਾਪ ਤੇ ਸੰਜੋਗ ਨਾਲ ਪ੍ਰਵਾਰਕ ਜੀਵਨ ਦਾ ਢਾਂਚਾ ਅਤੇ ਸਮਾਜ ਬਣਦਾ ਹੈ। ਮਾਨਵਤਾ ਦੀ ਸਾਰੀ ਧਾਰਮਿਕ ਜਾਂ

ਸਮਾਜਿਕ ਤਰੱਕੀ ਚੰਗੇ ਗ੍ਰਿਹਸਤੀ ਜੀਵਨ ਪਰ ਨਿਰਭਰ ਹੈ। ਇਸ ਲਈ ਗੁਰਮਤਿ ਵਿਚ ਗ੍ਰਿਹਸਤ ਨੂੰ ਪ੍ਰਧਾਨ ਮੰਨਿਆ ਗਿਆ ਹੈ।

ਵਰ ਅਤੇ ਕੰਨਿਆਂ ਦੀ ਚੋਣ, ਕਰਮ, ਸੁਭਾਉ, ਅਰੋਗਤਾ ਅਤੇ ਆਯੂ ਅਨੁਸਾਰ ਹੋਣੀ ਚਾਹੀਦੀ ਹੈ। ਗ੍ਰਿਹਸਤੀ ਦੇ ਫਰਜ਼ ਗੁਰੂ ਰਾਮ ਦਾਸ ਜੀ ਨੇ ਚਾਰ ਲਾਵਾਂ ਵਿਚ ਦਸੇ ਹਨ। ਲਾਂਵ ਦੇ ਅਰਥ ਹਨ "ਡੋਰੀ ਜਾਂ ਸੰਬੰਧ"। ਗੁਰਮਤਿ ਵਿਚ ਵਿਹਾਰ ਤੇ ਪ੍ਰਮਾਰਥ ਨੂੰ ਮਿਲਾ ਕੇ ਤੋਰਿਆ ਹੈ। ਇਸ ਲਈ ਲਾਵਾਂ ਵਿਚ ਕੀਤਾ ਗਿਆ ਪ੍ਰਮਾਰਥਕ ਉਪਦੇਸ਼ ਗ੍ਰਿਹਸਤੀ ਜੀਵਨ ਉਪਰ ਵੀ ਲਾਗੂ ਹੁੰਦਾ ਹੈ। ਹੁਣ ਅਨੰਦ ਦੀ ਮਰਯਾਦਾ ਤੇ ਕੁਝ ਜ਼ਰੂਰੀ ਨਿਯਮ ਵਰਣਨ ਕਰਦੇ ਹਾਂ।

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ, ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ, ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਿਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ, ਸੰਗਤ ਦੀ ਆਗਿਆ ਲੈ ਕੇ "ਅਨੰਦ" ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ "ਅਨੰਦ" ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕਸੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ "ਅਕਾਲ ਪੁਰਖ" ਨਾਲ ਇਕਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁੱਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ।ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ।ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ।ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ।ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨਾਂ ਦੇ "ਨਿਰਮਲ ਭਉ" ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁੱਖ ਸੁੱਖ, ਦੇਸ਼ ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ 4 ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ,ਉਪਰੰਤ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ "ਅਨੰਦ" ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ ‘‘ਅਨੰਦ’’ ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ)ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਿਹ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ। ’

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ "ਅਨੰਦ" ਲਈ ਉੱਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ, ਜੇ ਮੰਜੇ ਤੇ ਹੋਵੇ ਤਾਂ ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ‘‘ਵਾਹਿਗੁਰੂ'' ਵਾਹਿਗੁਰੂ’’ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਜੀ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ "ਵਾਹਿਗੁਰੂ" ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ)ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਸ਼ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ।ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ।ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ

ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਅੰਤਿਮ ਅਰਦਾਸ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮਿਰਤਕ ਪ੍ਰਾਣੀ ਦਾ "ਅੰਗੀਠਾ" ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ। ***

ਸ਼ਬਦ-ਵੀਚਾਰ

10. ਦੇਵਗੰਧਾਰੀ ਮਹਲਾ ੪ (ਪੰਨਾ : ੫੨੭)

ਅਬ ਹਮ, ਚਲੀ ਠਾਕੁਰ ਪਹਿ, ਹਾਰਿ ॥

ਜਬ ਹਮ, ਸਰਣਿ ਪ੍ਰਭੂ ਕੀ ਆਈ, ਰਾਖੁ ਪ੍ਰਭੂ, ਭਾਵੈ ਮਾਰਿ॥੧॥ ਰਹਾਉ॥

ਲੋਕਨ ਕੀ ਚਤੁਰਾਈ ਉਪਮਾ, ਤੇ, ਬੈਸੰਤਰਿ ਜਾਰਿ ॥

ਕੋਈ ਭਲਾ ਕਹਉ, ਭਾਵੈ ਬੁਰਾ ਕਹਉ, ਹਮ ਤਨੁ ਦੀਓ ਹੈ ਢਾਰਿ॥ ੧ ॥

ਜੋ ਆਵਤ ਸਰਣਿ, ਠਾਕੁਰ ਪ੍ਰਭੁ ਤੁਮਰੀ, ਤਿਸੁ, ਰਾਖਹੁ ਕਿਰਪਾ ਧਾਰਿ ॥

ਜਨ ਨਾਨਕ, ਸਰਣਿ ਤੁਮਾਰੀ ਹਰਿ ਜੀਉ, ਰਾਖਹੁ ਲਾਜ, ਮੁਰਾਰਿ॥੨॥੪॥

ਉਚਾਰਣ ਸੇਧਾਂ :ਸਰਣਿ-ਸ਼ਰਣ। ਭਾਵੈ-ਭਾਵੈਂ।

ਪਦ ਅਰਥ :ਹਾਰਿ-ਹੋਰ ਸਾਰੇ ਆਸਰੇ ਛੱਡ ਕੇ। ਪ੍ਰਭੂ ਕੀ ਸਰਣਿ-ਹੇ ਪ੍ਰਭੂ! ਤੇਰੀ ਸ਼ਰਣ। ਰਾਖੁ-ਬਚਾ ਲੈ। ਲੋਕਨ ਕੀ-ਲੋਕਾਂ ਵਾਲੀ। ਉਪਮਾ-ਵਡਿਆਈ। ਤੇ-ਉਹ ਸਾਰੀਆਂ। ਬੈਸੰਤਰਿ-ਅੱਗ ਵਿਚ। ਜਾਰਿ-ਜਾਰ ਦੇ, ਸਾੜਦੇ। ਢਾਰਿ-ਢਾਲ ਦਿੱਤਾ, ਅਰਪਣ ਕਰ ਦਿੱਤਾ। ਧਾਰਿ-ਧਾਰ ਕੇ।

ਭੂਮਿਕਾ : ਜਿੰਨਾਂ ਚਿਰ ਮਨੁੱਖ ਸੰਪੂਰਨ ਆਤਮ ਸਮਰਪਣ ਦੀ ਭਾਵਨਾ ਨਾਲ ਪਰਮਾਤਮਾ ਅੱਗੇ ਨਹੀਂ ਝੁਕਦਾ ਉਤਨਾ ਚਿਰ ਉਸ ਨੂੰ ਸਦੀਵੀ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਦੁਨਿਆਵੀ ਆਸਰੇ ਅਤੇ ਚਤੁਰਾਈਆਂ ਛੱਡ ਕੇ ਪੂਰੀ ਤਰ੍ਹਾਂ ਵਾਹਿਗੁਰੂ ਜੀ ਦੇ ਸਮਰਪਿਤ ਹੋ ਜਾਣਾ ਹੀ ਮਨੁੱਖਾ

ਜੀਵਨ ਦਾ ਅਸਲ ਉਦੇਸ਼ ਹੈ, ਅਤੇ ਸੰਪੂਰਨ ਆਨੰਦ ਦੀ ਪ੍ਰਾਪਤੀ ਇਸੇ ਤਰ੍ਹਾਂ ਹੀ ਹੋ ਸਕਦੀ ਹੈ।

ਭਾਵ ਅਰਥ : ਮੈਂ ਹੁਣ ਹੋਰ ਸਾਰੇ ਦੁਨਿਆਵੀ ਆਸਰੇ ਛੱਡ ਕੇ ਇਕ ਵਾਹਿਗੁਰੂ ਜੀ ਦਾ ਹੀ ਆਸਰਾ ਲੈ ਲਿਆ ਹੈ। ਜਦੋਂ ਤੋਂ ਮੈਂ ਆਪਣੇ ਮਾਲਕ ਵਾਹਿਗੁਰੂ ਜੀ ਦੀ ਸ਼ਰਣ ਵਿਚ ਆਇਆ ਹਾਂ ਹੁਣ ਉਸ ਤੇ ਹੀ ਨਿਰਭਰ ਕਰਦਾ ਹਾਂ ਕਿ ਉਸ ਨੇ ਮੈਨੂੰ ਕਿਵੇਂ ਰੱਖਣਾ ਹੈ। ਉਹ ਰੱਖ ਲਵੇ ਭਾਂਵੇ ਮਾਰ ਦੇਵੇ ਉਸਦੀ ਮਰਜ਼ੀ ਹੈ। ਦੁਨਿਆਵੀ ਸਿਆਣਪ ਅਤੇ ਵਡਿਆਈ ਹੁਣ ਮੇਰੇ ਤੇ ਕੋਈ ਅਸਰ ਨਹੀਂ ਕਰਦੀਆਂ। ਹੁਣ ਭਾਂਵੇ ਕੋਈ ਭਲਾ ਕਹੇ ਤੇ ਭਾਵੇਂ ਕੋਈ ਬੁਰਾ ਕਹੇ। ਮੈਂ ਆਪਣੇ ਸਰੀਰ ਦਾ ਮੋਹ ਛੱਡ ਕੇ ਇਸ ਨੂੰ ਵਾਹਿਗੁਰੂ ਜੀ ਦੇ ਅਰਪਣ ਕਰ ਦਿੱਤਾ ਹੈ। ਹੇ ਵਾਹਿਗੁਰੂ ਜੀਓ! ਜੋ ਵੀ ਆਪ ਜੀ ਦੀ ਸ਼ਰਣ ਵਿਚ ਆਉਂਦਾ ਹੈ। ਉਸ ਨੂੰ ਆਪ ਮਿਹਰ ਕਰਕੇ ਰੱਖਦੇ ਹੋ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮੈਂ ਵੀ ਹੁਣ ਆਪ ਜੀ ਦੀ ਸ਼ਰਣ ਆ ਪਿਆ ਹਾਂ। ਹੇ ਵਾਹਿਗੁਰੂ ਜੀ! ਮੇਰੀ ਵੀ ਰੱਖਿਆ ਕਰੋ।

ਸਾਰੰਸ਼ : ਉਪਰੋਕਤ ਸ਼ਬਦ ਅਨੁਸਾਰ ਜੋ ਮਨੁੱਖ ਦੁਨਿਆਵੀ ਵਡਿਆਈਆਂ, ਸਿਆਣਪਾਂ ਅਤੇ ਹੋਰ ਸਭ ਦੁਨਿਆਵੀ ਆਸਰਿਆਂ ਨੂੰ ਛੱਡ ਕੇ ਇੱਕ ਵਾਹਿਗੁਰੂ ਜੀ ਦੀ ਸ਼ਰਣ ਵਿਚ ਆ ਜਾਂਦਾ ਹੈ। ਵਾਹਿਗੁਰੂ ਜੀ ਆਪ ਉਸ ਦੀ ਹਰ ਤਰ੍ਹਾਂ ਨਾਲ ਰੱਖਿਆ ਕਰਦੇ ਹਨ।

***

11. ਗੂਜਰੀ ਮਹਲਾ ੫ (ਪੰਨਾ : ੪੯੭)

ਜਿਸੁ ਮਾਨੁਖ ਪਹਿ ਕਰਉ ਬੇਨਤੀ, ਸੋ, ਅਪਨੈ ਦੁਖਿ ਭਰਿਆ ॥

ਪਾਰਬ੍ਰਹਮੁ, ਜਿਨਿ ਰਿਦੈ ਅਰਾਧਿਆ, ਤਿਨਿ, ਭਉ ਸਾਗਰੁ ਤਰਿਆ॥੧॥

ਗੁਰ ਹਰਿ ਬਿਨੁ, ਕੋ ਨ ਬ੍ਰਿਥਾ ਦੁਖੁ ਕਾਟੈ ॥

ਪ੍ਰਭੁ ਤਜਿ, ਅਵਰ ਸੇਵਕੁ ਜੇ ਹੋਈ ਹੈ, ਤਿਤੁ, ਮਾਨੁ ਮਹਤੁ ਜਸੁ ਘਾਟੈ॥੧॥ਰਹਾਉ॥

ਮਾਇਆ ਕੇ ਸਨਬੰਧ ਸੈਨ ਸਾਕ, ਕਿਤ ਹੀ ਕਾਮਿ ਨ ਆਇਆ ॥

ਹਰਿ ਕਾ ਦਾਸੁ, ਨੀਚ ਕੁਲੁ ਊਚਾ, ਤਿਸੁ ਸੰਗਿ, ਮਨ ਬਾਂਛਤ ਫਲ ਪਾਇਆ॥੨॥

ਲਾਖ ਕੋਟਿ ਬਿਖਿਆ ਕੇ ਬਿੰਜਨ, ਤਾ ਮਹਿ ਤ੍ਰਿਸਨ ਨ ਬੂਝੀ ॥

ਸਿਮਰਤ ਨਾਮੁ, ਕੋਟਿ ਉਜੀਆਰਾ, ਬਸਤੁ ਅਗੋਚਰ ਸੂਝੀ ॥ ੩ ॥

ਫਿਰਤ ਫਿਰਤ ਤੁਮ੍ਰੈ ਦੁਆਰਿ ਆਇਆ, ਭੈ ਭੰਜਨ ਹਰਿ ਰਾਇਆ ॥

ਸਾਧ ਕੇ ਚਰਨ ਧੂਰਿ ਜਨੁ ਬਾਛੈ, ਸੁਖੁ, ਨਾਨਕ, ਇਹੁ ਪਾਇਆ॥੪॥੬॥੭॥

ਉਚਾਰਣ ਸੇਧਾਂ:- ਕਰਉ-ਕਰਉਂ। ਮਹਤੁ-ਮਹੱਤੁ। ਤਾ-ਤਾਂ। ਮਹਿ-ਮਹਿਂ। ਤ੍ਰਿਸਨ-ਤ੍ਰਿਸ਼ਨ। ਬਾਛੈ-ਬਾਂਛੈ।

ਪਦ ਅਰਥ: ਅਵਰ ਸੇਵਕ-ਕਿਸੇ ਹੋਰ ਦਾ ਸੇਵਕ। ਬ੍ਰਿਥਾ- ਮਨ ਦੀ ਗਹਿਰੀ ਪੀੜ ।ਮਹਤੁ-ਵਡਿਆਈ। ਘਾਟੈ-ਘਟਦੀ ਹੈ। ਕਿਤ ਹੀ ਕਾਮਿ-ਕਿਸੇ ਵੀ ਕੰਮ ਵਿਚ।

ਬਾਂਛਤ-ਇੱਛਤ। ਬਿਖਿਆ-ਮਾਇਆ। ਬਿੰਜਨ-ਸੁਆਦਲੇ ਖਾਣੇ। ਤ੍ਰਿਸਨ-ਪਿਆਸ। ਕੋਟਿ ਉਜੀਆਰਾ-ਕ੍ਰੋੜਾਂ ਚਾਨਣ। ਅਗੋਚਰ-ਜਿਸ ਤੱਕ ਗਿਆਨ ਇੰਦ੍ਰੀਆ ਦੀ ਪਹੁੰਚ ਨਹੀਂ ਹੋ ਸਕਦੀ। ਸੂਝੀ-ਦਿਸ ਪੈਂਦੀ ਹੈ। ਦੁਆਰਿ-ਦਰ ਤੇ। ਭੈ ਭੰਜਨ-ਹੇ ਸਾਰੇ ਡਰ ਦੂਰ ਕਰਨ ਵਾਲੇ। ਬਾਛੈ-ਲੋਚਦਾ ਹੈ।

ਭੂਮਿਕਾ : ਸਾਰਾ ਸੰਸਾਰ ਦੁੱਖਾਂ ਕਲੇਸ਼ਾਂ ਵਿਚ ਭਰਮਿਆ ਪਿਆ ਹੈ। ਸੁੱਖ ਦੀ ਭਾਲ ਲਈ ਯਤਨਸ਼ੀਲ ਹੈ। ਸੁੱਖ ਪ੍ਰਾਪਤੀ ਤੇ ਦੁਨਿਆਵੀ ਪਦਾਰਥ ਇਕੱਤ੍ਰ ਕਰਣ ਵਾਸਤੇ ਜਣੇ ਖਣੇ ਦੀ ਜੀ ਹਜ਼ੂਰੀ ਕਰ ਰਿਹਾ ਹੈ। ਅਨੇਕ ਪ੍ਰਕਾਰ ਦੇ ਮਾਇਕ ਭੋਗ ਭੋਗ ਰਿਹਾ ਹੈ, ਤਾਂ ਵੀ ਜੀਵ ਦੀ ਭੁੱਖ ਨਹੀਂ ਮਿਟਦੀ। ਕਿਉਂਕਿ ਅਸਲ ਵਿਚ ਸੁੱਖ ਪ੍ਰਾਪਤੀ ਦਾ ਸੋਮਾ ਵਾਹਿਗੁਰੂ ਆਪ ਹੀ ਹੈ। ਸਾਹਿਬ ਇਸ ਸ਼ਬਦ ਰਾਹੀਂ ਮਨੁੱਖ ਮਾਤਰ ਨੂੰ ਸਮਝਾ ਰਹੇ ਹਨ ਕਿ ਜਦ ਤੱਕ ਅਸੀਂ ਗੁਰੂ ਜੀ ਦੀ ਸ਼ਰਣ ਨਹੀਂ ਲੈਂਦੇ, ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵੇਂ ਲੋਕਾਂ ਦੀਆਂ ਜੀ ਹਜ਼ੂਰੀਆਂ ਨਾਲ ਕੁਝ ਸਮੇਂ ਲਈ ਮਾਣ ਮਿਲ ਜਾਏ, ਪਰ ਉਹ ਮਾਣ ਸਦੀਵੀ ਨਹੀਂ ਹੈ। ਸਦੀਵੀ ਮਾਣ ਤਾਂ ਕੇਵਲ ਪ੍ਰਭੂ ਦੀ ਸ਼ਰਣ ਵਿਚ ਆ ਕੇ ਉਸ ਵਿਚ ਲੀਨ ਹੋ ਕੇ ਹੀ ਮਿਲਦਾ ਹੈ।

ਭਾਵ ਅਰਥ : ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮੈਂ ਜਿਸ ਵੀ ਮਨੁੱਖ ਕੋਲ ਆਪਣੇ ਰੱਬੀ ਵਿਛੋੜੇ ਦੇ ਦੁੱਖ ਦੀ ਗੱਲ ਕਰਦਾ ਹਾਂ। ਉਹ ਅਗੋਂ ਆਪ ਰੱਬੀ ਵਿਛੋੜੇ ਦੇ ਦੁੱਖ ਨਾਲ ਭਰਿਆ ਹੋਇਆ ਦਿੱਸਦਾ ਹੈ। ਜੋ ਖੁੱਦ ਹੀ ਵਿਛੋੜੇ ਦੇ ਦੁੱਖ ਨਾਲ ਭਰਿਆ ਹੋਵੇਗਾ, ਉਹ ਮੇਰਾ ਵਿਛੋੜੇ ਦਾ ਦੁੱਖ ਕੀ ਖ਼ਤਮ ਕਰ ਸਕੇਗਾ? ਜਿਸ ਮਨੁੱਖ ਨੇ ਆਪਣੇ ਹਿਰਦੇ ਵਿਚ ਵਸੇ ਪਰਮਾਤਮਾ ਦੀ ਪਹਿਚਾਣ ਕਰ ਲਈ ਹੈ ਉਸ ਨੇ ਹੀ ਸੁੱਖ ਪ੍ਰਾਪਤ ਕੀਤਾ ਹੈ।

ਮਾਇਆ ਕਾਰਣ ਬਣੇ ਹੋਏ ਇਹ ਸਾਕ ਸੱਜਣ, ਰਿਸ਼ਤੇਦਾਰ, ਦੁੱਖਾਂ (ਮਾਨਸਿਕ ਤਕਲੀਫਾਂ) ਨੂੰ ਦੂਰ ਕਰਨ ਲਈ ਕਿਸੇ ਕੰਮ ਨਹੀਂ ਆ ਸਕਦੇ। ਪਰਮਾਤਮਾ ਦਾ ਭਗਤ ਨੀਵੀਂ ਕੁੱਲ ਦਾ ਵੀ ਹੋਵੇ ਤਾਂ ਉਸ ਨੂੰ ਸਭ ਤੋਂ ਉੱਚਾ ਜਾਣੋ। ਉਸ ਦੀ ਸੰਗਤਿ ਵਿਚ ਰਿਹਾਂ ਮਨ ਬਾਂਛਤ ਫਲ ਹਾਸਲ ਕਰ ਲਈਦੇ ਹਨ। ਜੇ ਲੱਖਾਂ ਕਰੋੜਾਂ ਹੀ ਸੁਆਦਲੇ ਭੋਜਨ ਹੋਣ ਤਾਂ ਵੀ ਉਨ੍ਹਾਂ ਨੂੰ ਖਾਣ ਨਾਲ ਖਾਣ ਦੀ ਤ੍ਰਿਸ਼ਨਾ ਨਹੀਂ ਮੁੱਕਦੀ, ਪਰ ਗੁਰੂ ਦੇ ਗਿਆਨ ਸਦਕਾ ਅੰਦਰ ਉਹ ਕੀਮਤੀ ਨਾਮ ਪਦਾਰਥ ਦਿਸ ਪੈਂਦਾ ਹੈ, ਜਿਸ ਤੱਕ ਗਿਆਨ ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਭਾਵ ਮਨੁੱਖ ਆਪਣੇ ਅੰਦਰ ਵੱਸ ਰਹੀ ਉਸ ਪਰਮਾਤਮਾ ਦੀ ਜੋਤ ਦੀ ਪਹਿਚਾਣ ਕਰ ਲੈਂਦਾ ਹੈ, ਅਤੇ ਫਿਰ ਸਦੀਵੀ ਅਨੰਦ ਨਾਲ ਭਰ ਜਾਂਦਾ ਹੈ। ਗੁਰੂ ਨਾਨਕ ਸਾਹਿਬ ਬੇਨਤੀ ਕਰਦੇ ਹਨ ਕਿ "ਹੇ ਪ੍ਰਭੂ ਪਾਤਸ਼ਾਹ! ਹੇ ਜੀਵਾਂ ਦੇ ਸਾਰੇ ਡਰ ਦੂਰ ਕਰਨ ਵਾਲੇ ਹਰੀ ! ਜਿਹੜਾ ਮਨੁੱਖ ਭਟਕਦਾ ਤੇਰੇ ਦਰ ਆ ਪਹੁੰਚਦਾ ਹੈ ਅਤੇ ਗੁਰੂ ਦੀ ਸਿਖਿਆ ਨੂੰ ਧਿਆਨ ਨਾਲ ਸੁਣ ਕੇ ਜੀਵਨ ਵਿਚ ਕਮਾਉਂਦਾ ਹੈ। ਉਹ ਹੀ ਤੇਰੇ ਦਰ ਤੋਂ ਇਹ ਸੁੱਖ ਪ੍ਰਾਪਤ ਕਰ ਸਕਦਾ ਹੈ।

ਸਾਰੰਸ਼ : ਹਰ ਇਨਸਾਨ ਦਾ ਸੁਭਾਅ ਹੈ ਕਿ ਆਪਣੀ ਮਾਨਸਿਕ ਪੀੜਾ (ਜੋ ਸਿਰਫ ਅਗਿਆਨਤਾ ਅਤੇ ਅਧਰਮੀ ਹੋਣ ਕਰਕੇ ਹੀ ਹੈ) ਨੂੰ ਭੇਖੀ ਬੰਦਿਆਂ ਦੇ ਆਸਰੇ ਲੈ ਕੇ ਦੂਰ ਕਰਨੀ ਚਾਹੁੰਦਾ ਹੈ। ਪਰ ਪਰਮੇਸ਼ਰ ਦੇ ਵਿਛੋੜੇ ਕਾਰਣ ਜੋ ਮਾਨਸਿਕ ਪੀੜ ਮਨੁੱਖ ਦੇ

ਜੀਵਨ ਵਿੱਚ ਹੈ, ਉਹ ਕਿਸੇ ਮਨੁੱਖ ਦੀ ਜਾਂ ਹੋਰ-ਹੋਰ ਭਾਂਤੋ ਭਾਂਤ ਦੀ ਪੂਜਾ ਕੀਤਿਆਂ ਦੂਰ ਨਹੀਂ ਹੋਣੀ। ਜੀਵਨ ਦਾ ਸੁੱਖ ਰੱਬੀ ਸ਼ਰਣਿ ਵਿੱਚ ਪੈ ਕੇ ਹੀ, ਭਾਵ ਰੱਬੀ ਗੁਣ ਗ੍ਰਹਿਣ ਕਰਨ ਨਾਲ ਹੀ ਪ੍ਰਾਪਤ ਹੋਵੇਗਾ। ਜਿਹੜਾ ਮਨੁੱਖ ਸੱਚ ਦੀ ਸੰਗਤਿ ਕਰਦਾ ਸਤਿਗੁਰੂ ਅਕਾਲ ਪੁਰਖ ਦੇ ਗੁਣ ਜੀਵਨ ਵਿੱਚ ਧਾਰਦਾ ਹੈ ਉਸ ਨੂੰ ਸਦੀਵ ਅਨੰਦ ਮਿਲਦਾ ਹੈ।

***

12. ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ (ਪੰਨਾ : ੫੨੫)

ਅੰਤਰੁ ਮਲਿ, ਨਿਰਮਲੁ ਨਹੀ ਕੀਨਾ, ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ, ਘਟਿ ਬ੍ਰਹਮੁ ਨ ਚੀਨ੍ਹਾ, ਕਾਹੇ ਭਇਆ ਸੰਨਿਆਸੀ ॥ ੧ ॥
ਭਰਮੇ ਭੂਲੀ, ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ, ਪਰਮਾਨੰਦਾ ॥ ੧ ॥ ਰਹਾਉ॥
ਘਰਿ ਘਰਿ ਖਾਇਆ, ਪਿੰਡੁ ਬਧਾਇਆ, ਖਿੰਥਾ ਮੁੰਦਾ ਮਾਇਆ॥
ਭੂਮਿ ਮਸਾਣ ਕੀ ਭਸਮ ਲਗਾਈ, ਗੁਰ ਬਿਨੁ, ਤਤੁ ਨ ਪਾਇਆ ॥ ੨ ॥
ਕਾਇ ਜਪਹੁ ਰੇ, ਕਾਇ ਤਪਹੁ ਰੇ, ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹਿ ਉਪਾਈ, ਸੋ ਸਿਮਰਹੁ ਨਿਰਬਾਣੀ ॥ ੩ ॥
ਕਾਇ, ਕਮੰਡਲੁ ਕਾਪੜੀਆ, ਰੇ, ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ, ਸੁਨੁ ਰੇ ਪ੍ਰਾਣੀ, ਕਣ ਬਿਨੁ, ਗਾਹੁ ਕਿ ਪਾਹੀ ॥ ੪ ॥੧ ॥

ਉਚਾਰਣ ਸੇਧਾਂ: ਮੁੰਦਾ-ਮੁੰਦਾਂ। ਫਿਰਾਹੀ-ਫਿਰਾਹੀਂ। ਪਾਹੀ-ਪਾਹੀਂ।

ਪਦ ਅਰਥ : ਅੰਤਰੁ-ਅੰਤਹਕਰਣ ਨੂੰ। ਮਲਿ-ਮਲ ਵਾਲਾ। ਪਰਮਾਨੰਦਾ-ਅਨੰਦ ਦਾ ਮਾਲਕ (ਪਰਮਾਤਮਾ)। ਪਿੰਡ-ਸਰੀਰ। ਕਾਪੜੀਆ- ਲੀਰਾਂ ਦੀ ਬਣੀ ਹੋਈ ਗੋਦੜੀ ਪਾਉਂਦਾ ਹੈ। ਭੂਮਿ ਮਸਾਣ-ਸ਼ਮਸ਼ਾਨ ਘਾਟ। ਬਿਲੋਵਹੁ-ਰਿੜਕਦੇ ਹੋ। ਨਿਰਬਾਣੀ-ਪਰਮਾਤਮਾ। ਕਣ ਬਿਨੁ-ਦਾਣੇ ਤੋਂ ਬਿਨਾ। ਗਾਹੁ- ਗਾਹੁਣਾ (ਫ਼ਸਲ ਵਿਚੋਂ ਦਾਣੇ ਕੱਢਣ ਦਾ ਇਕ ਪੁਰਾਣਾ ਢੰਗ)।

ਭੂਮਿਕਾ : ਗੁਰਦੇਵ ਇਸ ਸ਼ਬਦ ਰਾਹੀਂ ਸਮਝਾਉਂਦੇ ਹਨ ਕਿ ਮਨੁੱਖ ਧਰਮੀ ਦਿਖਣ ਲਈ ਤਰ੍ਹਾਂ ਤਰ੍ਹਾਂ ਦੇ ਵਿਖਾਵੇ ਮਾਤਰ ਕਰਮਕਾਂਡਾਂ ਵਿਚ ਫਸ ਜਾਂਦਾ ਹੈ ਅਤੇ ਪਰਮਾਤਮਾ ਨੂੰ ਭੁੱਲ ਬੈਠਦਾ ਹੈ। ਜਦ ਕਿ ਅਸਲ ਵਿਚ ਜ਼ਰੂਰਤ ਤਾਂ ਆਪਣੇ ਅੰਦਰ ਵਸੇ ਪਰਮ ਅਨੰਦ ਦੇ ਮਾਲਕ ਵਾਹਿਗੁਰੂ ਜੀ ਨੂੰ ਪਹਿਚਾਣਨ ਦੀ ਹੁੰਦੀ ਹੈ। ਫਿਰ ਕਿਸੇ ਕਰਮਕਾਂਡ ਅਤੇ ਭੇਖ ਦੀ ਲੋੜ ਨਹੀਂ ਰਹਿ ਜਾਂਦੀ।

ਭਾਵ ਅਰਥ : ਜੇ ਕਿਸੇ ਮਨੁੱਖ ਨੇ ਆਪਣੇ ਅੰਦਰਲੇ ਮੈਲ ਨਾਲ ਭਰੇ ਮਨ ਨੂੰ ਸਾਫ਼ ਨਹੀਂ ਕੀਤਾ ਤਾਂ ਉਸਦਾ ਬਾਹਰੋਂ ਸਾਧਾਂ ਵਾਲਾ ਲਿਬਾਸ ਪਾਉਣਾ ਕਿਸੇ ਕੰਮ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿਚ ਗਿਆਨ ਨਹੀਂ, ਜਿਸਨੂੰ ਜ਼ਿੰਦਗੀ ਦਾ ਭਰਪੂਰ ਅਨੰਦ ਨਹੀਂ ਆਇਆ, ਜਿਸਦਾ ਹਿਰਦਾ ਅਨੰਦ ਨਾਲ ਭਰ ਨਹੀਂ ਗਿਆ, ਉਸਦਾ ਸੰਨਿਆਸੀ ਬਣਨਾ ਕਿਸ ਕੰਮ? ਇਹ ਸਾਰੀ ਦੁਨੀਆਂ ਇਕ ਬੜੇ ਵੱਡੇ ਭੁਲੇਖੇ ਵਿਚ ਹੈ ਕਿ ਸ਼ਾਇਦ

ਸੰਨਿਆਸੀਆਂ ਜਾਂ ਸਾਧੂਆਂ ਵਾਲਾ ਲਿਬਾਸ ਪਾ ਲੈਣ ਨਾਲ ਹੀ ਪਰਮਾਤਮਾ ਮਿਲ ਜਾਵੇਗਾ, ਪਰ ਇਹ ਵਿਚਾਰ ਬਿਲਕੁਲ ਗਲਤ ਹੈ। ਜਿਸ ਮਨੁੱਖ ਨੇ ਆਪਣੇ ਅੰਦਰ ਵੱਸ ਰਹੇ ਪਰਮਾਤਮਾ ਨੂੰ ਨਹੀਂ ਪਛਾਣਿਆ, ਅਜਿਹੇ ਮਨੁੱਖ ਨੇ ਭਾਵੇਂ ਹੋਰ ਕਰਮਕਾਂਡ ਬਥੇਰੇ ਕਰ ਲਏ ਹੋਣ, ਭਾਂਵੇ ਉਸ ਨੇ ਘਰ ਘਰ ਭਿਖਿਆ ਮੰਗ ਕੇ ਖਾਧੀ ਹੋਵੇ ਤੇ ਆਪਣੇ ਸਰੀਰ ਨੂੰ ਮੋਟਾ ਕਰ ਲਿਆ ਹੋਵੇ, ਭਾਵੇਂ ਗੋਦੜੀ ਤੇ ਮੁੰਦਰਾਂ ਵੀ ਪਾ ਲਈਆ ਹੋਣ, ਪਰ ਇਹ ਸਭ ਕੁਝ ਕੀਤਾ ਮਾਇਆ ਦੀ ਖਾਤਰ ਹੀ ਹੈ। ਇਸ ਤਰ੍ਹਾਂ ਭਾਵੇਂ ਸ਼ਮਸ਼ਾਨ ਘਾਟ ਦੀ ਸੁਆਹ ਮਲੀ ਹੋਵੇ ਪਰ ਜੇ ਸਤਿਗੁਰੂ ਨੂੰ ਮਿਲ ਕੇ ਪਰਮਾਤਮਾ ਦੀ ਪਹਿਚਾਣ ਨਹੀਂ ਕੀਤੀ ਤਾਂ ਸਭ ਕੁਝ ਵਿਅਰਥ ਹੈ।

ਹੇ ਲੋਕੋ ! ਤੁਸੀਂ ਇਸ ਤਰ੍ਹਾਂ ਦੇ ਵਿਅਰਥ ਜਪ-ਤਪ ਕਿਉਂ ਕਰਦੇ ਹੋ? ਇਹ ਤਾਂ ਪਾਣੀ ਨੂੰ ਰਿੜਕਣ ਦੇ ਸਮਾਨ ਹੀ ਹੈ, ਕਿਉਂਕਿ ਪਾਣੀ ਨੂੰ ਰਿੜਕ ਕੇ ਕੁਝ ਵੀ ਨਹੀਂ ਪਾਇਆ ਜਾ ਸਕਦਾ ਸਿਰਫ਼ ਸਮੇਂ ਅਤੇ ਤਾਕਤ ਦੀ ਬਰਬਾਦੀ ਹੀ ਹੈ। ਇਸ ਲਈ ਜਿਸ ਪਰਮਾਤਮਾ ਨੇ ਸਾਰੀ ਸ਼੍ਰਿਸਟੀ ਪੈਦਾ ਕੀਤੀ ਹੈ, ਪਰ ਆਪ ਉਹ ਨਿਰਬਾਣ ਭਾਵ ਹਰ ਤਰ੍ਹਾਂ ਦੀ ਇੱਛਾ ਤੋਂ ਰਹਿਤ ਹੈ। ਉਸੇ ਪਰਮਾਤਮਾ ਨੂੰ ਸਦਾ ਯਾਦ ਕਰਨਾ ਚਾਹੀਦਾ ਹੈ। ਹੇ ਕਾਪੜੀਆ ! ਭਾਵ ਹੇ ਪੁਰਾਣੇ ਕੱਪੜਿਆਂ ਦਾ ਬਣਿਆ ਲਿਬਾਸ ਪਾਉਣ ਵਾਲੇ ਭੇਖਧਾਰੀ ! ਤੂੰ ਹੱਥ ਵਿਚ ਕਮੰਡਲ ਕਿਉਂ ਲਿਆ ਹੈ ਤੇ ਅਠਾਹਠ ਤੀਰਥਾਂ ਦੀ ਯਾਤਰਾ ਕਿਸ ਲਈ ਕਰ ਰਿਹਾ ਹੈ?ਸੋ ਭਗਤ ਤ੍ਰਿਲੋਚਨ ਜੀ ਆਖ ਰਹੇ ਹਨ ਕਿ ਹੇ ਮਨ ! ਸੁਣ, ਜਿਵੇਂ ਦਾਣਿਆਂ ਤੋਂ ਬਿਨਾ ਗਾਹ ਪਾਉਣ ਦਾ ਕੋਈ ਲਾਭ ਨਹੀਂ ਇਸੇ ਤਰ੍ਹਾਂ ਅੰਦਰਲੇ ਮਨ ਨੂੰ ਨਿਰਮਲ ਕਰਨ ਤੋਂ ਬਿਨਾਂ ਬਾਹਰੀ ਕਰਮ ਵਿਅਰਥ ਹਨ (ਭਾਵ ਦਾਣਿਆਂ ਤੋਂ ਬਿਨਾਂ ਫੋਕ ਨੂੰ ਗਾਹੁਣ ਦਾ ਕੋਈ ਲਾਭ ਨਹੀਂ)।

ਸਾਰੰਸ਼: ਸ਼ਬਦ ਦਾ ਤੱਤ ਸਾਰ ਇਹ ਹੈ ਕਿ ਮਨੁੱਖ ਨੂੰ ਜੀਵਨ ਅਤੇ ਜੀਵਨ ਵਿਚ ਖੁਸ਼ੀ ਦੇਣ ਵਾਲੇ ਪਰਮਾਤਮਾ ਨੂੰ ਪਾਉਣ ਲਈ ਕਰਮ ਕਾਂਡਾਂ ਵਿਚ ਨਹੀਂ ਪੈਣਾ ਚਾਹੀਦਾ ਸਗੋਂ ਸਦਾ ਉਸ ਨੂੰ ਯਾਦ ਰੱਖ ਕੇ ਜੀਵਨ ਵਿਚਲੇ ਦੁੱਖਾਂ-ਸੁੱਖਾਂ ਨੂੰ ਇਕਸਾਰ ਸਹਿੰਦਿਆਂ ਉਸ ਮਾਲਕ ਨੂੰ ਆਪਣੇ ਅੰਦਰੋਂ ਹੀ ਪਹਿਚਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

***

13. ਸੋਰਠਿ ਮਹਲਾ ੫॥ (ਪੰਨਾ : ੬੩੦)

ਸਰਬ ਸੁਖਾ ਕਾ ਦਾਤਾ ਸਤਿਗੁਰੁ, ਤਾ ਕੀ ਸਰਨੀ ਪਾਈਐ ॥
ਦਰਸਨੁ ਭੇਟਤ, ਹੋਤ ਅਨੰਦਾ, ਦੂਖੁ ਗਇਆ, ਹਰਿ ਗਾਈਐ ॥ ੧॥
ਹਰਿ ਰਸੁ ਪੀਵਹੁ, ਭਾਈ ॥
ਨਾਮੁ ਜਪਹੁ, ਨਾਮੋ ਆਰਾਧਹੁ, ਗੁਰ ਪੂਰੇ ਕੀ ਸਰਨਾਈ ॥ ਰਹਾਉ ॥
ਤਿਸਹਿ ਪਰਾਪਤਿ, ਜਿਸੁ, ਧੁਰਿ ਲਿਖਿਆ, ਸੋਈ ਪੂਰਨੁ ਭਾਈ ॥
ਨਾਨਕ ਕੀ ਬੇਨੰਤੀ ਪ੍ਰਭ ਜੀ, ਨਾਮਿ ਰਹਾ ਲਿਵ ਲਾਈ॥੨॥੨੫॥੯੬॥

ਉਚਾਰਣ ਸੇਧਾਂ : ਸੁਖਾ-ਸੁਖਾਂ। ਸਰਨੀ-ਸ਼ਰਨੀ। ਦਰਸਨੁ-ਦਰਸ਼ਨ। ਸਰਨਾਈ ਸ਼ਰਨਾਈ। ਤਿਸਹਿ-ਤਿਸਹਿਂ। ਰਹਾ-ਰਹਾਂ।

ਪਦ ਅਰਥ : ਤਾ ਕੀ-ਉਸ ਦੀ। ਭੇਟਤ-ਮਿਲਦਿਆਂ ਹੀ। ਗਾਈਐ-ਗਾਉਣਾ ਚਾਹੀਦਾ ਹੈ। ਧੁਰਿ-ਪ੍ਰਭੂ ਦੀ ਦਰਗਾਹ ਤੋਂ। ਪ੍ਰਭ-ਹੇ ਪ੍ਰਭੂ ਜੀ !। ਨਾਮਿ-ਨਾਮ ਵਿਚ। ਲਿਵ-ਧਿਆਨ।

ਭੂਮਿਕਾ : ਜਦ ਤੋਂ ਸੰਸਾਰ ਹੋਂਦ ਵਿਚ ਆਇਆ ਹੈ ਸਾਰੇ ਜੀਵ ਜੰਤੂ ਅਤੇ ਮਨੁੱਖ ਸਭ ਹੀ ਪੂਰਨ ਅਨੰਦ ਦੀ ਭਾਲ ਵਿਚ ਹਨ,ਪਰ ਪੂਰਨ ਅਨੰਦ ਦਾ ਸੋਮਾ ਸਿਰਫ ਵਾਹਿਗੁਰੂ ਜੀ ਆਪ ਹੀ ਹਨ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਪ੍ਰੇਰਣਾ ਕਰਦੇ ਹਨ ਕਿ ਉਸ ਨੂੰ ਸਿਰਫ ਸਤਿਗੁਰਾਂ ਦੀ ਸ਼ਰਣ ਪੈ ਕੇ ਆਪਣੇ ਅੰਦਰ ਵਸ ਰਹੇ ਸਦੀਵੀ-ਸਦੀਵ ਖੇੜੇ ਦੇ ਮੂਲ ਸੋਮੇ ਵਾਹਿਗੁਰੂ ਜੀ ਨੂੰ ਅਨੁਭਵ ਕਰ ਲੈਣਾ ਚਾਹੀਦਾ ਹੈ।

ਭਾਵ ਅਰਥ : ਹੇ ਭਾਈ ! ਸਾਰੇ ਸੁੱਖਾਂ ਦਾ ਦਾਤਾ ਸਤਿਗੁਰੂ ਹੀ ਹੈ। ਉਸ ਦੀ ਸ਼ਰਣ ਪੈਣ ਨਾਲ ਹਰ ਤਰ੍ਹਾਂ ਦੇ ਦੁੱਖ ਖ਼ਤਮ ਹੋ ਜਾਂਦੇ ਹਨ। ਇਸ ਲਈ ਸਦਾ ਪਰਮਾਤਮਾ ਦਾ ਨਾਮ ਹੀ ਜਪਣਾ ਚਾਹੀਦਾ ਹੈ। ਨਾਮ ਜਪਣ ਲਈ ਸਤਿਗੁਰੂ ਦੀ ਹੀ ਸ਼ਰਣ ਪੈਣਾ ਚਾਹੀਦਾ ਹੈ। ਇਹ ਸਤਿਗੁਰੂ ਵੀ ਉਸ ਨੂੰ ਹੀ ਮਿਲਦਾ ਹੈ ਜਿਸ ਨੂੰ ਪ੍ਰਭੂ ਦੀ ਦਰਗਾਹ ਤੋਂ ਬਖਸ਼ਿਸ਼ ਹੁੰਦੀ ਹੈ। ਗੁਰੂ ਸਾਹਿਬ ਬੇਨਤੀ ਕਰਦੇ ਹਨ ਕਿ ਹੇ ਵਾਹਿਗੁਰੂ ਜੀ ! ਮੇਰੇ ਤੇ ਬਖਸ਼ਿਸ਼ ਕਰੋ ਕਿ ਮੇਰਾ ਧਿਆਨ ਉਸ ਪ੍ਰਮਾਤਮਾ ਦੀ ਯਾਦ ਵਿਚ ਹੀ ਲੱਗਾ ਰਹੇ। ਕਿਉਂਕਿ ਇਸ ਦਾਤ ਨੂੰ ਪਾ ਲੈਣ ਵਾਲਾ ਹੀ ਸੰਪੂਰਣ ਮਨੁੱਖ ਹੋ ਸਕਦਾ ਹੈ।

ਸਾਰੰਸ਼ : ਉਪਰੋਕਤ ਸ਼ਬਦ ਦਾ ਤਤ ਸਾਰ ਹੈ ਕਿ ਹਰ ਤਰ੍ਹਾਂ ਦੇ ਸੁੱਖ ਦੇਣ ਵਾਲੇ ਵਾਹਿਗੁਰੂ ਜੀ ਦੀ ਬੰਦਗੀ ਕਰਨਾ ਹੀ ਮਨੁੱਖ ਦਾ ਧਰਮ ਹੈ, ਪਰ ਇਹ ਦਾਤ ਸਤਿਗੁਰੂ ਦੀ ਸ਼ਰਨ ਪਿਆਂ ਹੀ ਮਿਲ ਸਕਦੀ ਹੈ। ਸਤਿਗੁਰੂ ਵੀ ਪਰਮਾਤਮਾ ਦੀ ਬਖਸ਼ਿਸ਼ ਸਦਕਾ ਹੀ ਮਿਲਦਾ ਹੈ। ਇਸ ਲਈ ਮਨੁੱਖ ਨੂੰ ਸਦਾ ਪਰਮਾਤਮਾ ਦੀ ਯਾਦ ਵਿਚ ਜੁੜੇ ਰਹਿਣ ਲਈ ਹੀ ਬੇਨਤੀ ਕਰਨੀ ਚਾਹੀਦੀ ਹੈ।

***

14. ਰਾਗੁ ਗਉੜੀ ਚੇਤੀ ੧ ਮਹਲਾ ੫ (ਪੰਨਾ : ੨੧੦)

ਸੁਖੁ ਨਾਹੀ ਰੇ, ਹਰਿ ਭਗਤਿ ਬਿਨਾ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ, ਇਕ ਖਿਨਾ ॥੧॥ ਰਹਾਉ॥
ਸੁਤ ਸੰਪਤਿ ਬਨਿਤਾ ਬਿਨੋਦ॥ ਛੋਡਿ ਗਏ, ਬਹੁ ਲੋਗ ਭੋਗ ॥੧॥
ਹੈਵਰ ਗੈਵਰ ਰਾਜ ਰੰਗ ॥ਤਿਆਗਿ ਚਲਿਓ ਹੈ ਮੂੜ, ਨੰਗ ॥੨॥
ਚੋਆ ਚੰਦਨ, ਦੇਹ ਫੂਲਿਆ ॥ ਸੋ ਤਨੁ, ਧਰ ਸੰਗਿ ਰੂਲਿਆ ॥੩॥
ਮੋਹਿ ਮੋਹਿਆ, ਜਾਨੈ ਦੂਰਿ ਹੈ ॥ ਕਹੁ ਨਾਨਕ, ਸਦਾ ਹਦੂਰਿ ਹੈ ॥੪॥
ਉਚਾਰਣ ਸੇਧਾਂ : ਮੂੜ-ਮੂੜ੍ਹ।

ਪਦ ਅਰਥ : ਸੁਤ-ਪੁੱਤਰ। ਸੰਪਤਿ-ਪਦਾਰਥ। ਬਨਿਤਾ-ਪਤਨੀ। ਬਿਨੋਦ-ਮਨੋਰੰਜਨ। ਭੋਗ-ਵਰਤ ਕੇ। ਹੈਵਰ-ਘੋੜੇ। ਗੈਵਰ-ਹਾਥੀ। ਚੋਆ-ਅਤਰ। ਚੰਦਨ - ਸੁਗੰਧੀ। ਫੁਲਿਆ-ਆਕੜਿਆ ਹੋਇਆ। ਧਰ ਸੰਗਿ-ਮਿੱਟੀ ਨਾਲ।

ਭੂਮਿਕਾ : ਹਰੇਕ ਜੀਵ ਸਦੀਵ ਸੁੱਖ ਦੀ ਪ੍ਰਾਪਤੀ ਲਈ ਸਦਾ ਹੀ ਯਤਨਸ਼ੀਲ ਰਹਿੰਦਾ ਹੈ। ਇਸ ਲਈ ਕਈ ਪ੍ਰਕਾਰ ਦੇ ਦੁਨਿਆਵੀ ਕੀਮਤੀ ਪਦਾਰਥਾਂ ਰਾਹੀਂ ਬਾਹਰੋਂ ਸੁੱਖ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸ਼ਾਇਦ ਸਰੀਰਕ ਸੁੱਖਾਂ ਰਾਹੀਂ ਹੀ ਆਤਮਾ ਸ਼ਾਂਤ ਹੋ ਜਾਵੇ, ਪਰ ਭੋਲਾ ਇਹ ਨਹੀਂ ਜਾਣਦਾ ਕਿ ਸਰੀਰ ਸਦਾ ਮਨ ਦੇ ਪਿੱਛੇ ਤੁਰਦਾ ਹੈ। ਜੇ ਮਨ ਪ੍ਰਸੰਨ ਹੈ ਤਾਂ ਕੰਡਿਆਂ ਤੇ ਵੀ ਆਰਾਮ ਨਾਲ ਸੁੱਤਾ ਜਾ ਸਕਦਾ ਹੈ। ਸੋ ਮਨ ਦੀ ਪ੍ਰਸੰਨਤਾ ਸਭ ਤੋਂ ਪਹਿਲੇ ਹੈ, ਮਨ ਪ੍ਰਸੰਨ ਹੋਣ ਨਾਲ ਜੀਵ ਪ੍ਰਸੰਨ ਹੁੰਦਾ ਹੈ ਅਤੇ ਜੀਵ ਉਸ ਪਰਮ ਆਤਮਾ ਭਾਵ ਵਾਹਿਗੁਰੂ ਜੀ ਦਾ ਹੀ ਹਿੱਸਾ ਹੈ ਅਤੇ ਸਾਰੀ ਮਾਨਸਿਕ ਭਟਕਣਾ ਵਾਹਿਗੁਰੂ ਜੀ ਤੋਂ ਵਿਛੜਨ ਕਰਕੇ ਹੀ ਹੈ। ਇਸ ਲਈ ਮਨੁੱਖ ਨੂੰ ਆਪਣੇ ਮਨੁੱਖਾ ਜਨਮ ਦੀ ਅਮੋਲਕਤਾ ਨੂੰ ਸਮਝਦਿਆਂ ਹੋਇਆਂ ਸਤਸੰਗ ਦੇ ਲੜ ਲੱਗ ਕੇ ਅੰਦਰ ਵਾਲੇ ਪੂਰਨ ਸੁੱਖ ਦੇ ਮਾਲਕ ਸਤਿਗੁਰੂ ਜੀ ਨੂੰ ਅਨੁਭਵ ਕਰਨਾ ਚਾਹੀਦਾ ਹੈ।

ਭਾਵ ਅਰਥ : ਪੰਚਮ ਪਾਤਸ਼ਾਹ ਫੁਰਮਾਉਂਦੇ ਹਨ ਕਿ ਮਨੁੱਖਾ ਜਨਮ ਵਿਚ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਕੋਈ ਵੀ ਸੁੱਖ ਨਹੀਂ ਮਿਲ ਸਕਦਾ। ਇਸ ਕੀਮਤੀ ਰਤਨਾਂ ਵਰਗੇ ਜਨਮ ਨੂੰ ਸਾਧਸੰਗਤ ਦੁਆਰਾ ਸਫ਼ਲਾ ਕਰ ਲੈਣਾ ਚਾਹੀਦਾ ਹੈ। ਬਹੁਤ ਸਾਰੇ ਲੋਕ, ਪੁੱਤਰ, ਧਨ, ਦੌਲਤ, ਇਸਤਰੀ ਸਭ ਮਨੋਰੰਜਨ ਦੇ ਸਾਧਨ ਹਨ, ਪਰ ਇਥੇ ਹੀ ਛੱਡ ਕੇ ਤੁਰ ਗਏ ਹਨ। ਹਾਥੀ, ਘੋੜੇ ਅਤੇ ਹੋਰ ਰਾਜ ਰੰਗ ਸਭ ਕੁਝ ਛੱਡ ਕੇ ਅਗਿਆਨੀ ਜੀਵ ਨੰਗਾ ਤੇ ਇਕੱਲਾ ਹੀ ਜਾਂਦਾ ਹੈ। ਜਿਸ ਸਰੀਰ ਉਤੇ ਕਈ ਤਰ੍ਹਾਂ ਦੀਆਂ ਸੁਗੰਧੀਆਂ ਲਗਾ ਕੇ, ਸਿੰਗਾਰਿਆ ਗਿਆ, ਉਹੀ ਸਰੀਰ ਮਿੱਟੀ ਵਿਚ ਰੁੱਲ ਗਿਆ। ਝੂਠੇ ਮੋਹ ਵਿਚ ਫਸਿਆ ਮਨੁੱਖ ਸਮਝਦਾ ਹੈ ਕਿ ਪਰਮਾਤਮਾ ਬਹੁਤ ਦੂਰ ਹੈ ਪਰ ਗੁਰੂ ਦੇਵ ਫੁਰਮਾਉਂਦੇ ਹਨ ਕਿ ਮਨੁੱਖ ਨੂੰ ਆਪਣਾ ਮਨ ਸਾਫ਼ ਕਰਕੇ ਦੇਖਣ ਦੀ ਜ਼ਰੂਰਤ ਹੈ, ਉਹ ਤੇਰੇ ਬਿਲਕੁਲ ਨੇੜੇ ਹੈ।

ਸਾਰੰਸ਼ : ਉਪਰੋਕਤ ਸ਼ਬਦ ਦਾ ਤੱਤ ਸਾਰ ਇਹ ਹੈ ਕਿ ਮਨੁੱਖਾ ਜਨਮ ਨੂੰ ਠੀਕ ਤਰ੍ਹਾਂ ਮਾਣਨ ਲਈ ਸਾਧਸੰਗਤ ਵਿਚ ਜੁੜ ਕੇ ਉਸ ਸਰਬ ਵਿਆਪਕ ਵਾਹਿਗੁਰੂ ਨੂੰ ਸਦਾ ਨੇੜੇ ਵਸਦਾ ਸਮਝਣਾ ਚਾਹੀਦਾ ਹੈ। ਇਸ ਤਰ੍ਹਾਂ ਜੋ ਮਹਿਸੂਸ ਹੁੰਦਾ ਹੈ। ਉਹ ਸਾਰੇ ਦੇ ਸਾਰੇ ਉੱਤਮ ਦੁਨਿਆਵੀ ਸੁੱਖਾਂ ਤੋਂ ਵੀ ਉੱਚਾ ਹੁੰਦਾ ਹੈ। ਕੋਈ ਵੀ ਦੁਨਿਆਵੀ ਸੁੱਖ ਨਾਲ ਨਿਭਣ ਵਾਲਾ ਨਹੀਂ, ਪਰ ਇਹ ਆਤਮਕ ਸੁੱਖ ਸਦਾ ਨਾਲ ਨਿਭਦਾ ਹੈ। ਝੂਠੇ ਮੋਹ ਅਤੇ ਮਾਇਆ ਦੀਆਂ ਐਨਕਾਂ ਕਰਕੇ ਸਾਨੂੰ ਵਾਹਿਗੁਰੂ ਜੀ ਬਹੁਤ ਦੂਰ ਨਜ਼ਰ ਆਉਂਦੇ ਹਨ, ਜਦ ਕਿ ਸਾਧ ਸੰਗਤ ਵਿਚ ਵਿਚਰਣ ਨਾਲ ਵਾਹਿਗੁਰੂ ਜੀ ਦੀ ਨੇੜਤਾ ਅੰਦਰੋਂ ਹੀ ਮਹਿਸੂਸ ਹੋਣ ਲੱਗ ਪੈਂਦੀ ਹੈ ਤੇ ਇਹੀ ਸਭ ਤੋਂ ਉੱਤਮ ਸੁੱਖ ਹੈ।

***

ਜੀਵਨ ਵਿਕਾਸ

15. ਨਰੋਆ ਸਮਾਜ

ਮਨੁੱਖ ਸਮਾਜਿਕ ਪ੍ਰਾਣੀ ਹੈ। ਬਿਨਾਂ ਸਮਾਜ ਤੋਂ ਇਸਦਾ ਗੁਜ਼ਾਰਾ ਨਹੀਂ, ਪਰ ਸਮਾਜ ਨੂੰ ਸਿਰਜਣ ਵਾਲਾ ਵੀ ਇਹ ਆਪ ਹੀ ਹੈ। ਕਿਸੇ ਵੀ ਸਮਾਜ ਦਾ ਬਾਹਰੀ ਸਰੂਪ ਹੀ ਦੱਸ ਦਿੰਦਾ ਹੈ ਕਿ ਇਸਦੇ ਅੰਦਰ ਵਸਣ ਵਾਲੇ ਮਨੁੱਖ ਕਿਹੋ ਜਿਹੇ ਹਨ। ਪ੍ਰਸਿੱਧ ਇਤਿਹਾਸਕਾਰ ਕਰਮ ਸਿੰਘ ਹਿਸਟੋਰੀਅਨ ਅਨੁਸਾਰ ," ਜੇ ਕਿਸੇ ਸਮਾਜ ਦੇ ਅਸਲ ਸਰੂਪ ਨੂੰ ਦੇਖਣਾ ਹੋਵੇ ਤਾਂ ਉਸਦੇ ਪਿੰਡਾਂ ਦੀਆਂ ਔਰਤਾਂ ਨੂੰ ਦੇਖ ਲੈਣਾ ਚਾਹੀਦਾ ਹੈ। ਹਰ ਮਨੁੱਖ ਅਤੇ ਸਮਾਜ ਦੋਵੇਂ ਹੀ ਇਕ ਦੂਜੇ ਉੱਤੇ ਨਿਰਭਰ ਕਰਦੇ ਹਨ। ਚੰਗੇ ਮਨੁੱਖਾਂ ਦਾ ਸਮੂਹ ਚੰਗਾ ਸਮਾਜ ਸਿਰਜਦਾ ਹੈ ਅਤੇ ਚੰਗਾ ਸਮਾਜ ਚੰਗੇ ਮਨੁੱਖ ਸਿਰਜਦਾ ਹੈ। ਸੋ ਮਨੁੱਖਤਾ ਦੇ ਨਾਤੇ ਹਰ ਇਨਸਾਨ ਦਾ ਨਿਜੀ ਤੌਰ ਤੇ ਇਹ ਫ਼ਰਜ਼ ਬਣ ਜਾਂਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਇਕ ਸਿਹਤਮੰਦ ਸਮਾਜ ਸਿਰਜੇ, ਜਿਸ ਵਿਚ ਘੱਟੋ-ਘੱਟ ਉਣਤਾਈਆਂ ਨਾਲ ਵੱਧ ਤੋਂ ਵੱਧ ਚੰਗੇ ਉਦੇਸ਼ਾਂ ਦੀ ਪੂਰਤੀ ਇਨਸਾਨ ਦੇ ਜੀਵਨ ਦਾ ਅਸੂਲ ਹੋਣਾ ਚਾਹੀਦਾ ਹੈ।

ਕਿਸੇ ਵਿਚਾਰਵਾਨ ਨੇ ਜੀਵਨ ਦੇ ਨਰੋਏ ਵਿਕਾਸ ਲਈ ਮਨੁੱਖੀ ਜੀਵਨ ਦੇ ਪੰਜ ਪੜਾਵਾਂ ਦਾ ਜ਼ਿਕਰ ਬਹੁਤ ਖ਼ੂਬਸੂਰਤੀ ਨਾਲ ਕੀਤਾ ਹੈ।

1) ਸਰੀਰ 2) ਪਰਿਵਾਰਕ ਸਾਂਝ 3) ਸਕੂਲ ਸਾਂਝ 4) ਨਗਰ ਸਾਂਝ 5) ਸਮਾਜ ਸਾਂਝ।

ਸਰੀਰ : ਇਨਸਾਨ ਸਭ ਤੋਂ ਪਹਿਲਾਂ ਆਪਣੇ ਸਰੀਰਕ ਦੁੱਖਾਂ ਪ੍ਰਤੀ ਫਿਕਰਮੰਦ ਹੁੰਦਾ ਹੈ, ਸੋ ਉਹ ਵੱਧ ਤੋਂ ਵੱਧ ਆਪਣੀ ਖੁਰਾਕ ਅਤੇ ਕਸਰਤ ਰਾਹੀਂ ਆਪਣੇ ਸਰੀਰ ਦੀ ਮਜ਼ਬੂਤ ਬਣਤਰ ਨਾਲ ਸਾਂਝ ਪਾਉਂਦਾ ਹੈ, ਕਿਉਂਕਿ ਨਰੋਆ ਸਰੀਰ ਹੀ ਕੁਝ ਚੰਗਾ ਕਰ ਸਕਣ ਦੇ ਯੋਗ ਹੁੰਦਾ ਹੈ। ਮਾੜਾ ਸਰੀਰ ਤਾਂ ਆਪਣਾ ਆਪ ਵੀ ਨਹੀਂ ਸੰਭਾਲ ਸਕਦਾ। ਕਿਸੇ ਲਈ ਉਹ ਕੋਈ ਖੇਚਲ ਕਿਵੇਂ ਕਰੇਗਾ। ਜੇ ਉਹ ਸਰੀਰ ਨਾਲ ਕਿਸੇ ਦਾ ਕੁਝ ਸਵਾਰਣ ਜੋਗਾ ਹੀ ਨਹੀਂ ਤਾਂ ਉਹ ਸਮਾਜ ਨੂੰ ਕੁਝ ਚੰਗਾ ਦੇਣ ਦੀ ਉਦਾਹਰਣ ਕਿਵੇਂ ਰੱਖ ਸਕਦਾ ਹੈ। ਸੋ ਸਭ ਤੋਂ ਜ਼ਰੂਰੀ ਹੈ ਸਰੀਰ ਦੀ ਕੁਦਰਤੀ ਤਰੀਕੇ ਨਾਲ ਵੱਧ ਤੋਂ ਵੱਧ ਸੰਭਾਲ ਅਤੇ ਫਿਰ ਸਮਾਜ ਸੇਵਾ ਲਈ ਇਸ ਨਰੋਏ ਸਰੀਰ ਦਾ ਸਮਰਪਣ। ਜਿਸ ਸਮਾਜ ਵਿਚ ਮਨੁੱਖ ਦੀ ਮੁੱਢਲੀ ਲੋੜ, ਚੰਗੀ ਖੁਰਾਕ ਦਾ ਇੰਤਜ਼ਾਮ ਹੀ ਨਾ ਹੋ ਸਕੇ, ਉਥੇ ਸਰੀਰਾਂ ਦਾ ਨਰੋਏ ਹੋਣਾ ਅਸੰਭਵ ਹੈ। ਰੋਟੀ ਲਈ ਖੋਹਾ ਖਿੱਚੀ ਮਨੁੱਖ ਨੂੰ ਸਰੀਰਕ ਤੌਰ ਤੇ ਕਮਜ਼ੋਰ ਕਰਦੀ ਹੀ ਹੈ, ਮਾਨਸਿਕ ਤੌਰ ਤੇ ਵੀ ਕਾਇਰ ਅਤੇ ਜ਼ਾਲਮ ਬਣਾਉਂਦੀ ਹੈ। ਕਿਉਂਕਿ ਕਾਇਰਤਾ ਅਤੇ ਕੁਝ ਖੋਹੇ ਜਾਣ ਦਾ ਡਰ ਹੀ ਮਨੁੱਖ ਨੂੰ ਜ਼ਾਲਮ ਬਣਾ ਕੇ ਦੂਜਿਆਂ ਨੂੰ ਦਬਾ ਕੇ ਰੱਖਣ ਲਈ ਉਕਸਾਉਂਦਾ ਹੈ ਅਤੇ ਵੇਖਣ ਵਿਚ ਛੋਟੀਆਂ ਲੱਗਦੀਆਂ ਸਰੀਰਕ ਅਤੇ ਮਾਨਸਿਕ ਕਮਜ਼ੋਰੀਆਂ ਸਮੁੱਚੇ ਸਮਾਜਿਕ ਵਾਤਾਵਰਣ ਨੂੰ ਗੰਧਲਾ ਕਰ ਜਾਂਦੀਆਂ ਹਨ। ਸੋ ਲੋੜ ਹੈ ਪੈਦਾ ਹੋਏ ਬੱਚੇ ਨੂੰ ਚੰਗੀ ਸਮਾਜਿਕ ਸੁਰੱਖਿਆ ਦਾ ਅਹਿਸਾਸ ਕਰਵਾਉਂਦੇ ਸਾਨੂੰ ਉਸ ਦੀ ਚੰਗੀ ਦੇਖ ਰੇਖ ਅਤੇ ਸਿਹਤ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਇਤਿਹਾਸ ਗਵਾਹ

ਹੈ ਕਿ ਨਰੋਏ ਸਰੀਰਾਂ ਹੀ ਨਰੋਏ ਸਮਾਜਾਂ ਨੂੰ ਜਨਮ ਦਿੱਤਾ ਹੈ, ਨਹੀਂ ਤਾਂ ਅਹਿੰਸਾ ਪਰਮੋ ਧਰਮ ਦਾ ਨਾਹਰਾ ਲਾ ਕੇ ਕਮਜ਼ੋਰ ਬਣ ਕੇ ਬੈਠ ਜਾਣ ਵਾਲੇ ਆਪਣਾ ਘਰ ਵੀ ਗੁਆ ਲੈਂਦੇ ਹਨ, ਕਿਸੇ ਦਾ ਤਾਂ ਕੀ ਸੰਵਾਰਣਗੇ। ਜੋ ਵੀ ਮਨੁੱਖ ਆਪਣੇ ਸਰੀਰ ਪ੍ਰਤੀ ਅਵੇਸਲੇ ਹੁੰਦੇ ਹਨ, ਉਹ ਆਪਣੇ ਆਪ ਨੂੰ ਚਲਾਈ ਰੱਖਣ ਲਈ ਬਣਾਉਟੀ ਤਾਕਤਾਂ ਜਾਂ ਨਸ਼ਿਆਂ ਦਾ ਸਹਾਰਾ ਲੈਂਦੇ ਹਨ।

ਪਰਿਵਾਰਕ ਸਾਂਝ : ਸਰੀਰ ਤੋਂ ਬਾਅਦ ਮਨੁੱਖ ਦੀ ਦੂਜੀ ਵੱਡੀ ਲੋੜ ਪਰਿਵਾਰ ਹੈ। ਪਰਿਵਾਰ ਦੀ ਭਾਵਨਾਤਮਕ ਸੁਰੱਖਿਆ ਦੀ ਛੱਤਰੀ ਹੇਠ ਮਨੁੱਖ ਹਰ ਤਰ੍ਹਾਂ ਦੇ ਦੁਖ-ਸੁਖ ਨੂੰ ਸਹਿਜੇ ਹੀ ਝੱਲ ਜਾਂਦਾ ਹੈ। ਪਰਿਵਾਰ ਮਨੁੱਖ ਲਈ ਛੋਟੇ ਰੂਪ ਵਿਚ ਸਮਾਜ ਦਾ ਹੀ ਰੂਪ ਹੁੰਦਾ ਹੈ। ਕਿਸੇ ਵੀ ਮਨੁੱਖ ਦੀ ਰਹਿਣੀ-ਬਹਿਣੀ ਤੋਂ ਉਸ ਦੇ ਪਰਿਵਾਰਿਕ ਪਿਛੋਕੜ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਪਰਿਵਾਰ ਦੇ ਮਾਹੌਲ ਵਿਚ ਮਨੁੱਖ ਜੋ ਵੀ ਚੰਗਾ ਬੁਰਾ ਸਿਖਦਾ ਹੈ, ਉਸੇ ਨੂੰ ਹੀ ਅੱਗੇ ਵਧਾਉਂਦਾ ਜਾਂਦਾ ਹੈ। ਆਮ ਹਾਲਤਾਂ ਵਿਚ ਚੰਗੇ ਪਰਿਵਾਰਕ ਸੰਸਕਾਰਾਂ ਵਾਲਾ ਮਨੁੱਖ ਅੱਗੋਂ ਵੀ ਇਹੀ ਸੰਸਕਾਰ ਫੈਲਾਏਗਾ ਅਤੇ ਇਕ ਤੋਂ ਦੂਜੀ ਤੇ ਫਿਰ ਤੀਜੀ ਚੌਥੀ ਪੀੜ੍ਹੀ ਤੱਕ ਇਹ ਸਭ ਕੁਝ ਇਵੇਂ ਹੀ ਚਲਦਿਆਂ ਸਮਾਜ ਨੂੰ ਸਿਹਤਮੰਦ ਕਰਨ ਵਿਚ ਆਪਣਾ ਹਿੱਸਾ ਪਾਉਂਦੇ ਜਾਂਦੇ ਹਨ।

ਪਰਿਵਾਰ ਵਿਚੋਂ ਹੀ ਮਨੁੱਖ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਸਿਖਦਾ ਹੈ। ਪਰਿਵਾਰ ਹੀ ਸਾਨੂੰ ਸਭ ਤੋਂ ਪਹਿਲਾਂ ਇਕ ਦੂਜੇ ਦੇ ਦੁਖ ਸੁਖ ਵਿਚ ਕੰਮ ਆਉਣਾ ਸਿਖਾਉਂਦਾ ਹੈ। ਅਗਰ ਮਾਂ-ਬਾਪ ਆਪਣੇ ਬੱਚਿਆਂ ਨੂੰ ਪਰਿਵਾਰਕ ਤੌਰ ਤੇ ਇਕ ਦੂਜੇ ਲਈ ਆਪਾ ਵਾਰਨਾ ਸਿਖਾ ਸਕਣ, ਤਾਂ ਇਹ ਸਿਹਤਮੰਦ ਸਮਾਜ ਲਈ ਮਜ਼ਬੂਤ ਕਦਮ ਹੋ ਜਾਂਦਾ ਹੈ। ਨਿੱਜ ਦੀ ਸੋਚ ਤੋਂ ਉਪਰ ਉਠ ਕੇ ਅਗਰ ਪਰਿਵਾਰਿਕ ਤੌਰ ਤੇ ਬੱਚੇ ਇਕ ਦੂਜੇ ਦੀਆਂ ਛੋਟੀਆਂ ਮੋਟੀਆਂ ਲੋੜਾਂ ਲਈ ਕੁਰਬਾਨੀਆਂ ਕਰਨੀਆਂ ਸਿੱਖ ਜਾਣ, ਤਾਂ ਨਿੱਜ ਪ੍ਰਤੀ ਹਊਮੈਂ ਉੱਤੇ ਇਹ ਵੱਡੀ ਜਿੱਤ ਹੁੰਦੀ ਹੈ ਅਤੇ ਅੱਗੇ ਚੱਲ ਕੇ ਇਨਸਾਨ ਸਮਾਜ ਲਈ ਵੱਡੀਆਂ ਕੁਰਬਾਨੀਆਂ ਦੇਣ ਤੋਂ ਵੀ ਨਹੀਂ ਹਿਚਕਚਾਉਂਦਾ। ਅਗਰ ਬੱਚਾ ਘਰ ਵਿਚ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਦੇਖਦਾ ਹੈ ਅਤੇ ਘਰ ਦੇ ਬਜ਼ੁਰਗਾਂ ਦਾ ਹੱਥ ਫੜ ਉਨ੍ਹਾਂ ਦੀਆਂ ਛੋਟੀਆਂ ਮੋਟੀਆਂ ਜ਼ਰੂਰਤਾਂ ਪੂਰੀਆਂ ਕਰਨਾ ਸਿਖਦਾ, ਹੈ ਤਾਂ ਹੀ ਉਹ ਸੜਕ ਤੇ ਤੁਰਦੇ ਕਿਸੇ ਬਜ਼ੁਰਗ ਦਾ ਹੱਥ ਫੜ ਉਸਨੂੰ ਸੜਕ ਪਾਰ ਕਰਾਉਣ ਵਾਲਾ ਛੋਟਾ ਜਿਹਾ ਹੀ ਸਹੀ ਪਰ ਮਹਾਨਤਾ ਦੇ ਬੀਜ ਵਾਲਾ ਸਮਾਜ ਸੇਵੀ ਕੰਮ ਕਰ ਸਕਦਾ ਹੈ।

ਅਜੇ ਕਲ੍ਹ ਦੀ ਹੀ ਗੱਲ ਹੈ ਕਿ ਸਾਰਾ ਜੀਵਨ ਸਰੀਰਕ ਅਪਾਹਜਾਂ ਦੀ ਦੇਖ ਭਾਲ ਦੇ ਨਾਂ ਲਾ ਜਾਣ ਵਾਲੀ ਮਹਾਨ ਸ਼ਖਸ਼ੀਅਤ ਭਗਤ ਪੂਰਨ ਸਿੰਘ ਜੀ ਦੇ ਸਮਾਜ ਸੁਧਾਰਾਂ ਲਈ ਕੀਤੇ ਗਏ ਸਾਰੇ ਯਤਨਾਂ ਨੂੰ ਗਹੁ ਨਾਲ ਵਾਚੀਏ, ਤਾਂ ਉਹ ਪਿਛਲੀ ਸਦੀ ਦੇ ਸਭ ਤੋਂ ਵੱਧ ਸਾਦਗੀ ਭਰੇ, ਸਮਾਜ ਸੁਧਾਰਕ ਹੋਏ ਹਨ, ਪਰ ਉਹ ਵੀ ਮੰਨਦੇ ਹਨ ਕਿ ਇਨਸਾਨ ਨੂੰ ਪਰਿਵਾਰਿਕ ਤੌਰ ਤੇ ਮਿਲੇ ਸੰਸਕਾਰ ਹੀ ਉਸ ਦੀ ਸਖਸ਼ੀਅਤ ਨੂੰ ਸਮਾਜ ਜੋਗਾ ਕਰਦੇ ਹਨ। ਖੁੱਦ ਉਹ ਆਪਣੀ ਸਖਸ਼ੀਅਤ ਨੂੰ ਆਪਣੀ ਮਾਤਾ ਦੀ ਦੇਣ ਮੰਨਦੇ ਹਨ। ਬਚਪਨ ਤੋਂ ਮਾਤਾ ਨੇ ਮਹਾਂਪੁਰਸ਼ਾਂ ਦੇ ਜੀਵਨ ਸੁਣਾ ਸੁਣਾ ਕੇ ਇਕ ਪਿਤਾ ਤੋਂ ਵਾਂਝੇ ਬੱਚੇ ਨੂੰ

ਮਹਾਂਪੁਰਸ਼ ਭਗਤ ਪੂਰਨ ਸਿੰਘ ਬਣਾ ਦਿੱਤਾ। ਮਾਤਾ ਵਲੋਂ ਪੁੱਤਰ ਨੂੰ ਪੜ੍ਹਾਉਣ ਲਈ ਕੀਤੀ ਗਈ ਮਿਹਨਤ ਨੇ ਭਗਤ ਪੂਰਨ ਸਿੰਘ ਨੂੰ ਸਿਰੇ ਦਾ ਵਿਦਵਾਨ ਬਣਾ ਦਿੱਤਾ, ਭਾਵੇਂ ਮਗਰੋਂ ਗੁਰਦੁਆਰਿਆਂ ਦੇ ਪਵਿੱਤਰ ਮਾਹੌਲ ਦਾ ਵੀ ਉਨ੍ਹਾਂ ਦੇ ਜੀਵਨ ਤੇ ਬਹੁਤ ਅਸਰ ਪਿਆ, ਪਰ ਬੀਜ ਪਰਿਵਾਰਿਕ ਰੂਪ ਵਿਚ ਮਾਤਾ ਤੋਂ ਹੀ ਮਿਲੇ। ਸੋ ਇਸੇ ਤਰ੍ਹਾਂ ਕੋਈ ਵੀ ਮਨੁੱਖ ਪਰਿਵਾਰ ਵਿਚਲੇ ਵੱਡਿਆਂ ਦੇ ਜੀਵਨ ਦੀਆਂ ਚੰਗੀਆਂ ਗੱਲਾਂ ਨੂੰ ਅਪਣਾ ਕੇ ਚੰਗਾ ਮਨੁੱਖ ਬਣ ਕੇ ਇਕ ਚੰਗਾ ਸਮਾਜ ਸਿਰਜ ਸਕਦਾ ਹੈ, ਪਰ ਨਾਲ ਹੀ ਪਰਿਵਾਰ ਦੇ ਮੈਂਬਰਾਂ ਦੇ ਔਗੁਣਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜਿਵੇਂ ਅਗਰ ਇਕ ਪਿਤਾ ਨਸ਼ੇ ਕਰਨ ਵਾਲਾ ਜਾਂ ਕੋਈ ਹੋਰ ਗਲਤ ਕੰਮ ਜੀਵਨ ਵਿਚ ਕਰਨ ਵਾਲਾ ਹੈ ਤਾਂ ਬੱਚੇ ਨੂੰ ਐਸੀ ਸੇਧ ਦੇਣ ਦੀ ਲੋੜ ਬਣ ਜਾਂਦੀ ਹੈ ਕਿ ਉਹ ਪਿਤਾ ਵਰਗਾ ਨਾ ਬਣ ਜਾਵੇ। ਇਹੋ ਜਿਹੀ ਹਾਲਤ ਕਿਸੇ ਹੋਰ ਚੰਗੇਰੇ ਵਿਅਕਤੀ ਦਾ ਆਦਰਸ਼ ਉਸ ਬੱਚੇ ਸਾਹਮਣੇ ਹੋਵੇ, ਤਾਂ ਉਹ ਆਪਣੇ ਪਰਿਵਾਰਿਕ ਔਗੁਣਾਂ ਨੂੰ ਤਿਆਗ ਕੇ ਚੰਗਾ ਮਨੁੱਖ ਬਣਦਾ ਹੈ ਅਤੇ ਅੱਗੋਂ ਹੋਰ ਚੰਗੇਰੇ ਮਨੁੱਖ ਪੈਦਾ ਕਰਦਾ ਹੈ।

ਸਕੂਲ ਸਾਂਝ : ਘਰ ਪਰਿਵਾਰ ਤੋਂ ਬਾਅਦ ਕਿਸੇ ਵੀ ਮਨੁੱਖ ਦਾ ਅਗਲਾ ਸਮਾਜਿਕ ਮਾਹੌਲ ਸਕੂਲ ਅਤੇ ਸਕੂਲ ਵਿਚਲੇ ਸੰਗੀ ਸਾਥੀ ਹੁੰਦੇ ਹਨ। ਇਹ ਮਾਹੌਲ ਇਨਸਾਨ ਨੂੰ ਇਨਸਾਨ ਬਣਾਉਂਦਾ ਹੈ, ਪਰ ਜੇ ਇਹ ਮਾਹੌਲ ਗਲਤ ਮਿਲ ਜਾਵੇ ਤਾਂ ਚੰਗਾ ਭਲਾ ਬੱਚਾ ਵੀ ਸ਼ੈਤਾਨ ਬਣ ਜਾਂਦਾ ਹੈ। ਜੇਕਰ ਸਕੂਲ ਵਿਚਲੇ ਅਧਿਆਪਕ ਪਿਆਰ ਭਰੇ ਵਤੀਰੇ ਰਾਹੀਂ ਬੱਚੇ ਨੂੰ ਕੁਝ ਚੰਗਾ ਦੇਣ ਦਾ ਯਤਨ ਕਰਦੇ ਹਨ ਤਾਂ ਬੱਚੇ ਵਿਚ ਵੀ ਇਹੀ ਆਦਤ ਅਤੇ ਲਗਨ ਵਧਦੀ ਜਾਵੇਗੀ, ਜੋ ਕਿ ਇਕ ਪਿਆਰ ਭਰਿਆ ਅਤੇ ਗੁਣ ਭਰਪੂਰ ਸਮਾਜ ਸਿਰਜਣ ਵਿਚ ਸਹਾਈ ਹੋਵੇਗੀ। ਲੇਕਿਨ ਜੇ ਅਧਿਆਪਕ ਡੰਡੇ ਦਾ ਜ਼ੋਰ ਦਿਖਾਉਣ ਵਾਲੇ ਹੋਣੇ ਤਾਂ ਬੱਚੇ ਵਿਚ ਵੀ ਹਥਿਆਰਾਂ ਅਤੇ ਸ਼ਕਤੀ ਦਾ ਵਿਖਾਵਾ ਕਰਨ ਦੀ ਆਦਤ ਬਣ ਸਕਦੀ ਹੈ, ਪਰ ਜੇਕਰ ਅਧਿਆਪਕ ਆਪਣੇ ਵਿਦਿਆਰਥੀਆਂ ਦਾ ਜੀਵਨ ਸਵਾਰਨ ਲਈ ਸੱਚੇ ਦਿਲੋਂ ਗੰਭੀਰ ਹੋਵੇ ਤਾਂ ਮਾੜੇ ਤੋਂ ਮਾੜਾ ਬੱਚਾ ਵੀ ਚੰਗੀ ਜੀਵਨ ਸੇਧ ਲੈ ਜਾਂਦਾ ਹੈ।

ਕਿਸੇ ਬੱਚੇ ਨੂੰ ਜੇਕਰ ਪਰਿਵਾਰਕ ਰੂਪ ਵਿਚ ਚੰਗੇ ਸੰਸਕਾਰ ਨਾ ਵੀ ਮਿਲੇ ਹੋਣ ਤਾਂ ਵੀ ਅਗਰ ਅਧਿਆਪਕ ਉਸ ਦੇ ਮਨ ਦੀ ਤਹਿ ਤਕ ਪਹੁੰਚ ਕੇ ਉਸ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਹੁੰਦਿਆਂ ਜੇ ਉਸ ਨੂੰ ਠੀਕ ਮਾਰਗ ਦਰਸ਼ਨ ਦੇਵੇ ਤਾਂ ਕਿਸੇ ਵੀ ਮਾੜੀ ਪਰਿਵਾਰਕ ਪਿੱਠ ਭੂਮੀ ਵਾਲੇ ਬੱਚੇ ਦਾ ਜੀਵਨ ਵੀ ਸੰਵਰ ਕੇ ਚੰਗੇ ਸਮਾਜ ਦੀ ਸਿਰਜਨਾ ਵਿਚ ਸਹਾਈ ਹੋ ਸਕਦਾ ਹੈ, ਇਸ ਲਈ ਜ਼ਰੂਰੀ ਹੈ ਕਿ ਅਧਿਆਪਕ ਆਪ ਜਿਥੇ ਵਿਦਿਆਰਥੀਆਂ ਦੀਆਂ ਪੜ੍ਹਾਈ ਸਬੰਧੀ ਅਤੇ ਨਿਜੀ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਵੇ, ਉਥੇ ਆਪ ਵੀ ਚੰਗੀ ਸੋਚਣੀ ਦਾ ਮਾਲਕ ਅਤੇ ਅਨੁਸ਼ਾਸ਼ਨ ਪਸੰਦ ਹੋਵੇ, ਕਿਉਂਕਿ ਅਨੁਸ਼ਾਸ਼ਨ ਜੋ ਕਿ ਸਿਹਤਮੰਦ ਸਮਾਜ ਲਈ ਅਤਿ ਜ਼ਰੂਰੀ ਹੈ, ਇਸੇ ਉਮਰ ਵਿਚ ਸਿਖਾਇਆ ਜਾ ਸਕਦਾ ਹੈ। ਸਾਥੀਆਂ ਨਾਲ ਜਮਾਤ ਵਿਚ ਸਾਂਝੇ ਰੂਪ ਵਿਚ ਰਲ ਬੈਠ ਕੇ ਵਿਤਕਰਾ ਰਹਿਤ ਵਿਦਿਆ ਲੈਣਾ ਮਨੁੱਖ ਨੂੰ ਸਮਾਜਿਕ ਉਚ ਨੀਚ ਦੇ ਵਰਤਾਰੇ ਵਿਚੋਂ ਕੱਢਣ ਵਿਚ ਸਹਾਈ ਹੁੰਦਾ ਹੈ। ਇਸ ਉਮਰੇ ਮਿਲੀ ਗਿਆਨ ਦੀ ਰੌਸ਼ਨੀ ਸਮਾਜਿਕ

ਸਮੱਸਿਆਵਾਂ ਪ੍ਰਤੀ ਜਾਗਰੂਕ ਕਰਦੀ ਹੈ। ਉਸਤਾਦਾਂ ਤੋਂ ਮਿਲੀਆਂ ਜੀਵਨ ਸੇਧਾਂ ਅਤੇ ਅਗਵਾਈ ਅਨੁਸਾਰ ਇਨਸਾਨ ਸਮਾਜਿਕ ਮੁਸ਼ਕਲਾਂ ਹੱਲ ਕਰਨ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਂਦਾ ਹੈ। ਇਤਿਹਾਸ ਗਵਾਹ ਹੈ ਕਿ ਦੁਨੀਆ ਦੇ ਸਭ ਮਹਾਨ ਸੰਘਰਸ਼ ਨੌਜੁਆਨ ਵਿਦਿਆਰਥੀਆਂ ਨੂੰ ਨਾਲ ਲੈ ਕੇ ਹੀ ਨੇਪਰੇ ਚੜ੍ਹ ਸਕੇ ਹਨ। ਇਸ ਉਮਰ ਦੇ ਵਿਦਿਆਰਥੀਆਂ ਨੂੰ ਅਸੀਂ ਵੱਧ ਤੋਂ ਵੱਧ ਚੰਗੇ ਸਮਾਜ ਸਿਰਜਕਾਂ ਵਜੋਂ ਤਿਆਰ ਕਰ ਸਕਦੇ ਹਾਂ।

ਨਗਰ ਸਾਂਝ : ਸਕੂਲ ਤੋਂ ਬਾਅਦ ਇਨਸਾਨ ਜਦੋਂ ਇਕ ਜ਼ਿੰਮੇਵਾਰ ਮਨੁੱਖ ਦੇ ਤੌਰ ਤੇ ਵਿਚਰਨਾ ਸ਼ੁਰੂ ਕਰਦਾ ਹੈ ਤਾਂ ਪਰਿਵਾਰ ਅਤੇ ਸਕੂਲ ਤੋਂ ਨਿਕਲ ਉਸ ਦਾ ਸਮਾਜਿਕ ਦਾਇਰਾ ਕਾਫੀ ਵਿਸ਼ਾਲ ਹੋ ਜਾਂਦਾ ਹੈ। ਆਲੇ-ਦੁਆਲੇ ਘਰਾਂ, ਭਾਈਚਾਰੇ, ਬਰਾਦਰੀ ਨਾਲ ਜਦੋਂ ਉਸ ਦਾ ਵਾਹ ਪੈਂਦਾ ਹੈ, ਤਾਂ ਇਹ ਸਾਰੇ ਤੱਤ ਉਸ ਦੀ ਸਖਸ਼ੀਅਤ ਤੇ ਅਸਰ ਪਾਉਂਦੇ ਹਨ। ਇਹ ਸਮਾਂ ਬਹੁਤ ਸਾਵਧਾਨੀ ਭਰਿਆ ਹੁੰਦਾ ਹੈ। ਉਸਾਰੂ ਅਤੇ ਢਾਹੂ ਦੋਵੇਂ ਪ੍ਰਕਾਰ ਦੀਆਂ ਸਮਾਜਿਕ ਰੁਚੀਆਂ ਨਾਲੋਂ-ਨਾਲ ਚਲਦੀਆਂ ਹਨ। ਪਤਾ ਨਹੀਂ ਹੁੰਦਾ ਮਨੁੱਖ ਕਿਸ ਕਿਸਮ ਦੀਆਂ ਰੁਚੀਆਂ ਦਾ ਸ਼ਿਕਾਰ ਹੋਵੇਗਾ। ਇਸ ਸਮੇਂ ਕਈ ਵਾਰ ਅਤਿ ਦਾ ਵਿਗੜਿਆ ਮਨੁੱਖ ਵੀ ਚੰਗੀਆਂ ਉਸਾਰੂ ਰੁਚੀਆਂ ਵਾਲੇ ਲੋਕਾਂ ਦੇ ਸੰਪਰਕ ਵਿਚ ਆ ਕੇ ਚੰਗਾ ਸਮਾਜ ਸਿਰਜਕ ਬਣ ਜਾਂਦਾ ਹੈ, ਜਿਵੇਂ ਭਾਈ ਬਿਧੀ ਚੰਦ ਵਰਗੇ ਲੁਟੇਰੇ ਨੂੰ ਗੁਰੂ ਘਰ ਵਰਗਾ ਚੰਗਾ ਸਾਥ ਮਿਲਣ ਨਾਲ ਉਸ ਦਾ ਜੀਵਨ ਹੀ ਬਦਲ ਗਿਆ ਅਤੇ ਉਹ ਗੁਰੂ ਘਰ ਦੇ ਇਕ ਉੱਘੇ ਜਰਨੈਲ ਅਤੇ ਪ੍ਰਚਾਰਕ ਵਜੋਂ ਹੋ ਨਿਬੜੇ, ਪਰ ਕਈ ਵਾਰ ਵਧੀਕੀਆਂ ਅਤੇ ਢਾਹੂ ਰੁਚੀਆਂ ਚੰਗੇ ਭਲੇ ਸੰਸਕਾਰੀ ਇਨਸਾਨ ਨੂੰ ਸਮਾਜ ਵਿਰੋਧੀ ਅਨਸਰ ਬਣਾ ਦਿੰਦੀਆਂ ਹਨ।

ਦੂਜਿਆਂ ਦੇ ਦੁਖਾਂ ਸੁਖਾਂ ਵਿਚ ਸ਼ਰੀਕ ਹੋ ਕੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦਾ ਫਰਜ਼ ਇਨਸਾਨ ਇਸੇ ਸਮੇਂ ਸਿਖਦਾ ਹੈ। ਇਕ ਦੂਜੇ ਦੇ ਵਿਚਾਰਾਂ ਅਤੇ ਭਾਵਨਾਵਾਂ ਪ੍ਰਤੀ ਸਤਿਕਾਰ ਕਰਨਾ ਵੀ ਮਨੁੱਖ ਇਸੇ ਸਮੇਂ ਸਿਖਦਾ ਹੈ, ਪਰ ਇਸ ਸਮੇਂ ਜੇ ਕੋਈ ਉਸ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਜਾਵੇ, ਤਾਂ ਆਮ ਤੌਰ ਤੇ ਉਹ ਬਰਦਾਸ਼ਤ ਨਹੀਂ ਕਰਦਾ ਕਿਉਂਕਿ ਜਿਥੇ ਚੰਗਾ ਸਮਾਜ ਸਿਰਜਣ ਦਾ ਉਦੇਸ਼ ਭਾਰੂ ਹੁੰਦਾ ਹੈ, ਉਥੇ ਨਿੱਜ ਦੀ ਪਹਿਚਾਣ ਬਣਾਉਣ ਦਾ ਅਮਲ ਵੀ ਭਾਰੂ ਹੁੰਦਾ ਹੈ।ਵਿਖਾਵੇ ਵਾਲੇ ਜੀਵਨ ਲਈ ਬੇਇਮਾਨੀ ਦੀ ਕਿਰਤ, ਘੱਟ ਤੋਲਣਾ, ਦੂਜਿਆਂ ਦਾ ਹੱਕ ਮਾਰਨਾ ਅਤੇ ਦਾਜ ਦੇ ਲੈਣ ਦੇਣ ਵਰਗੇ ਗਲਤ ਅਮਲ ਵੀ ਭਾਰੂ ਹੋਣ ਲੱਗਦੇ ਹਨ, ਪਰ ਇਹੀ ਸਮਾਂ ਹੈ ਜਦੋਂ ਇਨਸਾਨ ਦ੍ਰਿੜਤਾ ਨਾਲ ਅਸੂਲਾਂ ਤੇ ਪਹਿਰਾ ਦਿੰਦਾ ਹੋਇਆ, ਆਪਣੀ ਅਸਲੀਅਤ ਨੂੰ ਪਹਿਚਾਣਦਾ ਹੋਇਆ ਧਰਮ ਦੀ ਕਿਰਤ ਕਰਕੇ ਆਪਣੇ ਆਲੇ ਦੁਆਲੇ ਨਾਲ ਵੰਡ ਕੇ ਛਕਣਾ ਸਿਖਦਾ ਹੈ। ਆਪਣੇ ਆਲੇ-ਦੁਆਲੇ ਅਤੇ ਭਾਈਚਾਰੇ ਦੀਆਂ ਸਮੱਸਿਆਵਾਂ ਉਸ ਵਿਚ ਨਿਜ ਤੋਂ ਉਠ ਕੇ ਸਮਾਜ ਬਾਰੇ ਸੋਚਣ ਦੀ ਭਾਵਨਾ ਨੂੰ ਪ੍ਰਬਲ ਕਰਦੀਆਂ ਹਨ।

ਸਮਾਜ ਸਾਂਝ : ਅੰਤ ਵਿਚ ਬੂੰਦ ਰੂਪ ਮਨੁੱਖ ਕਿਸੇ ਨਾ ਕਿਸੇ ਤਰ੍ਹਾਂ ਵਿਸ਼ਾਲ ਸਮੁੰਦਰ ਰੂਪੀ ਮਨੁੱਖੀ ਸਮਾਜ ਨਾਲ ਆ ਜੁੜਦਾ ਹੈ। ਹਰ ਇਨਸਾਨ ਭਾਵੇਂ ਉਹ ਇਕ ਘਰਬਾਰੀ ਹੈ,

ਵਿਦਿਆਰਥੀ ਹੈ, ਕਿਸੇ ਵੀ ਕਿੱਤੇ ਜਾਂ ਨੌਕਰੀ ਤੇ ਹੈ, ਕਿਸੇ ਵੀ ਕੌਮ ਜਾਂ ਭਾਈਚਾਰੇ ਨਾਲ ਸਬੰਧ ਰੱਖਦਾ ਹੈ, ਹਰ ਹਾਲ ਵਿਚ ਉਹ ਵਿਸ਼ਾਲ ਮਨੁੱਖੀ ਸਮਾਜ ਦਾ ਹੀ ਇਕ ਹਿੱਸਾ ਹੁੰਦਾ ਹੈ, ਇਹ ਠੀਕ ਹੈ ਕਿ ਇਤਨੇ ਵਿਸ਼ਾਲ ਸਮਾਜਿਕ ਪ੍ਰਵਾਹ ਨੂੰ ਇਕ ਬੂੰਦ ਵਰਗਾ ਮਨੁੱਖ ਕਿਵੇਂ ਬਦਲ ਜਾਂ ਸਿਰਜ ਸਕਦਾ ਹੈ, ਪਰ ਯਾਦ ਰਖੀਏ ਆਖਿਰ ਕੋਈ ਵੀ ਪ੍ਰਵਾਹ ਹੁੰਦਾ ਤਾਂ ਬੂੰਦਾਂ ਦਾ ਹੀ ਇਕੱਠ ਹੈ। ਕੁਝ ਬੂੰਦਾਂ ਮਿਲ ਕੇ ਇਕ ਪਾਸੇ ਨੂੰ ਤੁਰ ਪੈਣ ਤਾਂ ਪ੍ਰਵਾਹ ਉਸੇ ਪਾਸੇ ਨੂੰ ਤੁਰ ਪਏਗਾ, ਪਰ ਇਤਨੀ ਜ਼ੁਰਅੱਤ ਵੀ ਤਾਂ ਚਾਹੀਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਪਿਛਲੇ 500 ਸਾਲ ਤੋਂ ਇਹ ਜੁਅਰੱਤ ਕੀਤੀ, ਫਿਰ ਬਾਕੀ ਗੁਰੂ ਸਾਹਿਬਾਨ ਕਾਰਣ ਇਹ ਪ੍ਰਵਾਹ ਇਤਨੀ ਕੁ ਤੇਜ਼ੀ ਫੜ ਗਿਆ ਹੈ ਕਿ ਮਨੁੱਖਤਾ ਦਾ ਵਿਸ਼ਾਲ ਸਮੁੰਦਰ ਇਸ ਪ੍ਰਵਾਹ ਨਾਲ ਰਲਣ ਨੂੰ ਤਿਆਰ ਖੜਾ ਹੈ। ਉਹ ਇਸ ਦੇ ਸਮੁੰਦਰ ਵਿਚ ਮਿਲ ਕੇ ਸੰਪੂਰਣ ਮਨੁੱਖੀ ਚੇਤਨਾ ਨੂੰ ਬਦਲ ਦੇਣ ਦੀ ਉਡੀਕ ਕਰ ਰਿਹਾ ਹੈ ਕਿ ਕਿਨਾਰਿਆਂ ਤੋਂ ਆ ਕੇ ਛੋਟੇ ਛੋਟੇ ਸਭ ਨਦੀ ਨਾਲੇ ਗੁਰੂ ਨਾਨਕ ਸਾਹਿਬ ਵਲੋਂ ਚਲਾਏ ਇਸ ਸਾਦਗੀ ਭਰੇ ਮਨੁੱਖੀ ਪ੍ਰਵਾਹ ਦਾ ਹਿੱਸਾ ਬਣ ਰਹੇ ਹਨ ਤੇ ਦਿਨੋ-ਦਿਨ ਇਸ ਨੂੰ ਵਿਸ਼ਾਲ ਅਤੇ ਤਿੱਖਾ ਕਰ ਰਹੇ ਹਨ।

ਆਪਣੀ ਹੋਂਦ ਮਿਟਾ ਕੇ ਵੀ ਇਸਦਾ ਹਿੱਸਾ ਬਣ ਜਾਣ ਨੂੰ ਜੀ ਆਪ ਮੁਹਾਰੇ ਕਰ ਆਉਂਦਾ ਹੈ, ਪਰ ਇਹ ਸਭ ਕੁਝ ਇਕ ਦਿਨ ਵਿਚ ਨਹੀਂ ਹੋ ਗਿਆ। 500 ਸਾਲ ਅਤੇ ਬੇਅੰਤ ਸ਼ਹੀਦੀਆਂ ਸਮੁੱਚੇ ਮਨੁੱਖੀ ਭਾਈਚਾਰੇ ਨੂੰ ਗ਼ੁਲਾਮੀ ਵਿਚੋਂ ਕੱਢਣ ਲਈ ਦਿੱਤੀਆਂ ਗਈਆਂ ਹਨ। ਦੁਨੀਆਂ ਦੇ ਹੋਰ ਧਰਮਾਂ ਅਤੇ ਕੌਮਾਂ ਵਿਚ ਆਪਣੀ ਕੌਮੀਅਤ ਨੂੰ ਬਚਾਉਣ ਲਈ ਸਮੇਂ ਸਮੇਂ ਸ਼ਹੀਦੀਆਂ ਦਿੱਤੀਆਂ ਗਈਆਂ ਹਨ, ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਪੂਰੀ ਦੁਨੀਆਂ ਵਿਚ ਇਕਲੌਤੀ ਮਿਸਾਲ ਹੈ, ਜਦੋਂ ਮਨੁੱਖਤਾ ਦੀ ਆਜ਼ਾਦੀ ਲਈ ਕਿਸੇ ਨੇ ਆਪਾ ਵਾਰਿਆ ਹੈ। ਜਮਾਂਦਰੂ ਮਨੁੱਖੀ ਹੱਕਾਂ ਦੀ ਰਾਖੀ ਲਈ ਚੁਕਿਆ ਗਿਆ ਇਹ ਕਦਮ, ਬਿਲਕੁਲ ਨਿਵੇਕਲਾ ਅਤੇ ਲਾਮਿਸਾਲ ਹੈ।

ਸਮੁੱਚੇ ਸੰਸਾਰ ਵਿਚ ਅੱਜ ਵੀ ਅਸੀਂ ਦੇਖ ਰਹੇ ਹਾਂ ਕਿ ਕੌਮੀ ਅਤੇ ਰਾਸ਼ਟਰਵਾਦੀ ਸੋਚਾਂ ਭਾਰੂ ਹਨ, ਪਰ ਮਨੁੱਖੀ ਸੋਚ ਦੋਹਾਂ ਕੋਲ ਨਹੀਂ ਹੈ। ਲੋੜ ਹੈ ਅੱਜ ਫਿਰ ਗੁਰੂ ਨਾਨਕ ਸਾਹਿਬ ਦੇ ਫ਼ਲਸਫੇ ਰਾਹੀਂ ਦੋਹਾਂ ਨੂੰ ਉਨ੍ਹਾਂ ਦੀਆਂ ਕਮੀਆਂ ਦਾ ਸ਼ੀਸ਼ਾ ਦਿਖਾ ਕੇ ਅਤੇ ਦੋਹਾਂ ਨੂੰ ਉਨ੍ਹਾਂ ਦੇ ਚੰਗੇਰੇ ਗੁਣਾਂ ਨੂੰ ਉਭਾਰਨ ਦੀ ਪ੍ਰੇਰਣਾ ਦੇ ਕੇ ਹੋ ਰਹੇ ਮਨੁੱਖੀ ਘਾਣ ਨੂੰ ਬਚਾਉਣ ਦੀ, ਪਰ ਜਿਤਨਾ ਚਿਰ ਹਰ ਮਨੁੱਖੀ ਬੂੰਦ ਆਪਣਾ ਫਰਜ਼ ਸਮੁੱਚੀ ਮਨੁੱਖਤਾ ਪ੍ਰਤੀ ਨਹੀਂ ਪਹਿਚਾਣਦੀ ਉਤਨਾ ਚਿਰ ਹਿਟਲਰ ਜ਼ਾਰ, ਚੰਗੇਜ਼ ਆਦਿ ਪੈਦਾ ਹੁੰਦੇ ਹੀ ਰਹਿਣਗੇ। ਗੋਦੀ ਵਿਚ ਲੈ ਕੇ ਅਗਰ ਹਰ ਮਾਂ ਬੱਚੇ ਨੂੰ ਜਿਥੇ ਚੰਗੀ ਸਿਹਤ ਦੇਵੇ, ਉਥੇ ਨਾਲ ਚੰਗਾ ਮਨੁੱਖ ਬਨਣ ਲਈ ਪ੍ਰੇਰਣਾ ਵੀ ਦੇਵੇ। ਨਿੱਜ ਤੋਂ ਉਪਰ ਉਠ ਟੀਮ ਬਾਰੇ ਸੋਚਣ ਦੀ ਪ੍ਰੇਰਣਾ ਦੇਵੇ। ਉਹ ਟੀਮ ਭਾਵੇਂ ਪਰਿਵਾਰ ਹੋਵੇ, ਭਾਵੇਂ ਸਕੂਲ ਹੋਵੇ, ਭਾਵੇਂ ਨਗਰ, ਭਾਈਚਾਰਾ ਜਾਂ ਕੌਮ ਹੋਵੇ ਜਾਂ ਫਿਰ ਅਖੀਰ ਤੇ ਕੁਲ ਮਨੁੱਖਤਾ, ਬਿਬੇਕ ਨਾਲ ਸੱਚ ਝੂਠ ਨੂੰ ਨਿਤਾਰ ਕੇ ਸਾਨੂੰ ਅਖੀਰ ਇਹੀ ਕਰਨਾ ਹੀ ਪੈਂਣਾ ਹੈ, ਫਿਰ ਕਿਉਂ ਨਾ ਇਸੇ ਪਲ ਤੋਂ ਆਪਣਾ ਬਣਦਾ ਹਿੱਸਾ ਪਾਈਏ। ਗੁਰਬਾਣੀ ਦਾ ਅਟੱਲ ਫੁਰਮਾਣ ਹੈ:

ਆਪੁ ਸਵਾਰਹਿ, ਮੈ ਮਿਲਹਿ, ਮੈ ਮਿਲਿਆ, ਸੁਖੁ ਹੋਇ॥

ਫਰੀਦਾ, ਜੇ ਤੂੰ ਮੇਰਾ ਹੋਇ ਰਹਹਿ, ਸਭੁ ਜਗੁ ਤੇਰਾ ਹੋਇ॥ (ਪੰਨਾ : ੧੩੮੨)

ਭਾਵ : ਆਪਣੇ ਆਪ ਨੂੰ ਸੰਵਾਰ ਲੈਣ ਨਾਲ ਹਉਮੈਂ ਦਾ ਖਾਤਮਾ ਹੁੰਦਾ ਹੈ ਅਤੇ ਅੰਦਰੋਂ ਹੀ ਪ੍ਰਮਾਤਮਾ ਦੀ ਪਹਿਚਾਣ ਹੋ ਜਾਂਦੀ ਹੈ, ਤੇ ਫਿਰ ਜਦੋਂ ਆਪਣੇ ਅੰਦਰ ਵਸਦੀ ਇਸ ਅਥਾਹ ਸ਼ਕਤੀ ਦਾ ਪਤਾ ਲਗਦਾ ਹੈ ਤਾਂ ਦੂਜਿਆਂ ਵਿਚ ਵੀ ਇਸੇ ਸ਼ਕਤੀ ਦੀ ਹੋਂਦ ਦਾ ਅਨੁਭਵ ਹੋਣ ਲਗਦਾ ਹੈ। ਇਹ ਅਗੰਮੀ ਅਨੁਭਵ ਹੀ ਸਾਨੂੰ ਨਿਜ ਦੀ ਕੀਮਤ ਪਹਿਚਾਣ ਲੈਣ ਦੇ ਬਾਵਜੂਦ ਦੂਜਿਆਂ ਦੀ ਇੱਜ਼ਤ ਕਰਨੀ ਸਿਖਾਉਂਦਾ ਹੈ ਅਤੇ ਫਿਰ ਦੂਜਿਆਂ ਦਾ ਸਤਿਕਾਰ ਕਰਨ ਵਾਲਾ ਮਨੁੱਖ ਸਭ ਦੇ ਰੂਹਾਨੀ ਪਿਆਰ ਦਾ ਪਾਤਰ ਬਣ ਜਾਂਦਾ ਹੈ। ਸੋ ਆਉ! ਆਪਣੇ ਆਪ ਨੂੰ ਪਹਿਚਾਣ ਕੇ, ਦੂਜਿਆਂ ਨੂੰ ਪਿਆਰ ਕਰਕੇ ਮਨੁੱਖੀ ਸਮਾਜ ਨੂੰ ਵੱਧ ਤੋਂ ਵੱਧ ਤੰਦਰੁਸਤ ਕਰਨ ਵਿਚ ਆਪਣਾ ਅਨਮੋਲ ਯੋਗਦਾਨ ਪਾਈਏ, ਇਹੀ ਰੀਝ ਸੀ ਗੁਰੂ ਨਾਨਕ ਸਾਹਿਬ ਜੀ ਦੀ।

-0-

16. ਸਫ਼ਲ ਜੀਵਨ

ਆਮ ਬੋਲ ਚਾਲ ਵਿਚ ਜੀਵਨ ਤੋਂ ਭਾਵ ਧਰਤੀ ਤੇ ਪੈਦਾ ਹੋਣ ਅਤੇ ਤੁਰ ਜਾਣ ਦੇ ਵਿਚਕਾਰਲੇ ਸਮੇਂ ਤੋਂ ਲਿਆ ਜਾਂਦਾ ਹੈ। ਇਹ ਧਰਤੀ ਵਾਸੀ ਸਭ ਜੀਵਾਂ ਦੀ ਜੀਵਨ ਪ੍ਰਕਿਰਿਆ ਹੈ ਪਰ ਜੀਵਾਂ ਦੇ ਸਰਦਾਰ ਮਨੁੱਖ ਦੀ ਜੀਵਨ ਪ੍ਰਕਿਰਿਆ ਸਿਰਫ ਦਿਲ ਦੀ ਧੜਕਣ ਦੇ ਸ਼ੁਰੂ ਅਤੇ ਬੰਦ ਹੋਣ ਨਾਲ ਹੀ ਸਬੰਧ ਨਹੀਂ ਰਖਦੀ ਸਗੋਂ ਇਸ ਦਾ ਮੁੱਖ ਸਬੰਧ ਇਸ ਗੱਲ ਨਾਲ ਹੈ ਕਿ ਇਸ ਆਉਣ ਅਤੇ ਜਾਣ ਵਿਚਲੇ ਸਮੇਂ ਨੂੰ ਜੀਵਿਆ ਕਿਵੇਂ ਗਿਆ। ਜੋ ਕੁਝ ਇਸ ਜੀਵਨ ਨੇ ਮਨੁੱਖ ਨੂੰ ਦਿੱਤਾ ਉਸ ਵਿਚੋਂ ਕਿੰਨਾ ਕੁ ਇਸ ਨੇ ਮਨੁੱਖਤਾ ਨੂੰ ਮੋੜਿਆ, ਕਿਉਂਕਿ ਦੇਣਾ ਜੀਵਨ ਦੇ ਮਾਲਕ ਵਾਹਿਗੁਰੂ ਜੀ ਦਾ ਸੁਭਾ ਹੈ। ਇਸ ਲਈ ਮਨੁੱਖ ਜਦੋਂ ਤੱਕ ਦੇਣਾ ਨਹੀਂ ਸਿਖਦਾ, ਉਦੋਂ ਤੱਕ ਉਸ ਮਾਲਕ ਦੀ ਅੰਸ਼ ਕਹਾਉਣ ਦਾ ਹੱਕਦਾਰ ਨਹੀਂ।

ਜੀਵਨ ਉਨ੍ਹਾਂ ਦਾ ਹੀ ਸਫ਼ਲ ਹੈ, ਜੋ ਆਪਣੇ ਸਰੀਰ ਅਤੇ ਮਨ ਦੋਹਾਂ ਨੂੰ ਹੀ ਮਾਲਕ ਦੀ ਅਮਾਨਤ ਸਮਝਦੇ ਹੋਏ, ਵੱਧ ਤੋਂ ਵੱਧ ਸੰਭਾਲਦੇ ਹੋਏ, ਆਪਣੀਆਂ ਬੇਲੋੜੀਆਂ ਇੱਛਾਵਾਂ ਅਤੇ ਵਾਸ਼ਨਾਵਾਂ ਤੇ ਕਾਬੂ ਪਾਉਂਦੇ ਹੋਏ ਅਨਮੋਲ ਜੀਵਨ ਦੀ ਅਨਮੋਲਤਾ ਨੂੰ ਕੁੱਲ ਮਨੁੱਖਤਾ ਨਾਲ ਸਾਂਝਾ ਕਰ ਕੇ ਖੇੜੇ ਨਾਲ ਹੀ ਇਥੋਂ ਜਾਣ ਨੂੰ ਪ੍ਰਵਾਨਦੇ ਹਨ,ਪਰ ਇਹ ਸਭ ਕੁਝ ਹੋਵੇ ਕਿਵੇਂ? ਉਸ ਮਾਲਕ ਦੀ ਰਹਿਮਤ ਨਾਲ ਜੀਵਨ ਮਿਲ ਗਿਆ। ਚੰਗੀ ਵਿਦਿਆ ਮਿਲੀ। ਚੰਗੇ ਸੰਸਕਾਰ ਮਿਲੇ। ਚੰਗਾ ਭਾਈਚਾਰਾ ਮਿਲਿਆ। ਜੀਵਨ ਵਿਚ ਇਤਨਾ ਕੁਝ ਚੰਗਾ ਪਾ ਕੇ ਹੀ ਇਸਨੂੰ ਸਫ਼ਲ ਨਹੀਂ ਕਿਹਾ ਜਾ ਸਕਦਾ। ਹੁਣ ਲੋੜ ਹੁੰਦੀ ਹੈ ਇਸ ਚੰਗੇ ਨੂੰ ਹੀ ਹੋਰਾਂ ਨੂੰ ਚੰਗੇ ਬਣਾਉਣ ਲਈ ਵੰਡ ਦੇਣ ਦੀ, ਪਰ ਵੰਡ ਦੇਣਾ ਵੀ ਇਤਨਾ ਸੌਖਾ ਨਹੀਂ ਹੈ, ਕਿਉਂਕਿ ਮਨੁੱਖੀ ਸੁਭਾਅ ਹੈ ਕਿ ਅਗਰ ਕੋਈ ਕੁਝ ਦੇਣ ਲਈ ਸਾਡੇ ਘਰ ਵਿਚ ਚਲ ਕੇ ਆ ਜਾਵੇ ਤਾਂ ਅਸੀਂ ਸ਼ੱਕ ਕਰਨ ਲੱਗ ਪੈਂਦੇ ਹਾਂ ਕਿ ਜ਼ਰੂਰ ਕੋਈ ਮਤਲਬ ਹੋਵੇਗਾ, ਭਾਵੇਂ ਦੇਣ

ਵਾਲਾ ਆਪ ਪਰਮਾਤਮਾ ਹੀ ਕਿਉਂ ਨਾ ਹੋਵੇ। ਇਸ ਲਈ ਜੋ ਵੰਡਣ ਅਤੇ ਦੇਣ ਤੁਰੇ ਉਸ ਕੋਲ ਹੇਠ ਲਿਖੇ ਗੁਣਾਂ ਦਾ ਹੋਣਾ ਅਤਿ ਜ਼ਰੂਰੀ ਹੋ ਜਾਂਦਾ ਹੈ ਤਾਂ ਹੀ ਉਹ ਆਪਾ ਵੰਡਾ ਕੇ ਸਫ਼ਲ ਜੀਵਨ ਯਾਤਰੀ ਹੋ ਸਕਦਾ ਹੈ।

ਮਿੱਠੀ ਬੋਲਚਾਲ : ਜੀਵਨ ਨੂੰ ਸਫ਼ਲ ਢੰਗ ਨਾਲ ਜਿਉਣ ਲਈ ਮਨੁੱਖ ਕੋਲ ਚੰਗੀ, ਮਿੱਠੀ, ਸਾਦੀ ਅਤੇ ਭਾਵਪੂਰਤ ਬੋਲੀ ਦਾ ਹੋਣਾ ਬਹੁਤ ਜ਼ਰੂਰੀ ਹੈ। ਕੋਈ ਵੀ ਕੁੜੱਤਣ ਨੂੰ ਪਸੰਦ ਨਹੀਂ ਕਰਦਾ। ਅੰਦਰੂਨੀ ਗੁਣ ਪਿੱਛੋਂ ਦੇਖੇ ਜਾਂਦੇ ਹਨ ਪਹਿਲਾਂ ਬਾਹਰੀ ਗੁਣਾਂ ਦਾ ਪ੍ਰਭਾਵ ਹੀ ਪੈਂਦਾ ਹੈ। ਚੰਗੀ ਬੋਲਚਾਲ ਭਾਵੇਂ ਦੂਜੇ ਨੂੰ ਕੀਲਣ ਲਈ ਇਕ ਬਾਹਰੀ ਗੁਣ ਹੀ ਹੈ, ਪਰ ਅਗਰ ਇਸ ਵਿਚ ਅੰਦਰੂਨੀ ਭਾਵਨਾ ਅਤੇ ਪਿਆਰ ਵੀ ਮਿਲ ਜਾਵੇ ਤਾਂ ਇਹ ਸਾਹਮਣੇ ਵਾਲੇ ਨੂੰ ਬਿਲਕੁਲ ਬੇਵਸ ਕਰ ਦਿੰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਦੂਜੇ ਦੀ ਗੱਲ ਨੂੰ ਧਿਆਨ ਨਾਲ ਸੁਨਣਾ। ਫਿਰ ਲੋੜ ਦੀ ਗੱਲ ਕਹਿਣਾ ਅਤੇ ਅਗਲੇ ਦਾ ਮੂਡ ਦੇਖਦਿਆਂ ਗੱਲ ਅੱਗੇ ਤੋਰਨੀ।

ਗੱਲ ਬਾਤ ਦਲੀਲ ਨਾਲ ਭਰਪੂਰ ਹੋਵੇ ਪਰ ਭਾਸ਼ਾ ਸਾਦੀ, ਸੌਖੀ ਅਤੇ ਹਾਸ ਰਸ ਭਰਪੂਰ ਹੋਵੇ। ਨਿੱਤ ਦੇ ਜੀਵਨ ਦੀਆਂ ਸਾਦੀਆਂ ਉਦਾਹਰਣਾਂ ਰਾਹੀਂ ਆਪਣੀ ਗੱਲ ਨੂੰ ਦੂਜੇ ਨਾਲ ਸਾਂਝਾ ਕਰਨਾ ਸੁਖਾਲਾ ਹੋ ਜਾਂਦਾ ਹੈ। ਇਹ ਸਭ ਤੋਂ ਵਧੀਆ ਢੰਗ ਹੈ ਕਿਸੇ ਨਾਲ ਅਪਣੱਤ ਦੀ ਸਾਂਝ ਪਾਉਣ ਦਾ, ਪਰ ਇਹ ਹੋ ਤਾਂ ਹੀ ਸਕਦਾ ਹੈ ਜੇ ਸਾਡੇ ਕੋਲ ਹਰ ਵਿਸ਼ੇ ਤੇ ਗੱਲ ਕਰ ਸਕਣ ਲਈ ਗਿਆਨ ਦਾ ਵਿਸ਼ਾਲ ਭੰਡਾਰ ਹੋਵੇ, ਸਾਹਮਣੇ ਵਾਲੇ ਦੇ ਹਰ ਸੁਆਲ ਦਾ ਲੋੜੀਂਦਾ ਅਤੇ ਬਾਦਲੀਲ ਜੁਆਬ ਸਾਡੇ ਕੋਲ ਮੌਜੂਦ ਹੋਵੇ। ਸੱਚ ਇਤਨਾ ਕੁ ਹੋਵੇ ਕਿ ਅਗਲੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕਣ ਦੀ ਸਮਰਥਾ ਮੌਜੂਦ ਹੋਵੇ। ਇਸ ਨਾਲ ਸਵੈ-ਵਿਸ਼ਵਾਸ ਵੱਧਦਾ ਹੈ ਅਤੇ ਸਾਹਮਣੇ ਵਾਲਾ ਹਰ ਹਾਲ ਗੱਲ ਬਾਤ ਸੁਨਣ ਅਤੇ ਮੰਨਣ ਨੂੰ ਤਿਆਰ ਹੋ ਜਾਂਦਾ ਹੈ। ਇਸ ਤੋਂ ਵੀ ਅੱਗੇ ਉਹ ਸਦਾ ਸਾਡੇ ਨਾਲ ਗੱਲਬਾਤ ਕਰਨ ਦਾ ਮੌਕਾ ਭਾਲਦਾ ਹੈ, ਜਦੋਂ ਇਹੋ ਜਿਹੀ ਸਥਿਤੀ ਬਣ ਜਾਵੇ ਤਾਂ ਸਮਝੋ ਵੰਡਣਾ ਅਤੇ ਦੇਣਾ ਪਹਿਲਾਂ ਨਾਲੋਂ ਕਿਤੇ ਆਸਾਨ ਹੋ ਗਿਆ।

ਸੁਚੱਜਤਾ : ਕਿਸੇ ਵਿਚਾਰਵਾਨ ਦਾ ਕਥਨ ਹੈ "ਮਹਾਨ ਆਦਮੀ ਦਾ ਧਿਆਨ ਜੀਵਨ ਦੇ ਸੁਚੱਜ ਤੇ ਹੈ, ਉਹ ਮਰਦਾ ਵੀ ਹੈ ਤਾਂ ਸੁਚੱਜੇ ਜੀਵਨ ਲਈ। ਸੱਚਮੁਚ ਜੀਵਨ ਤਾਂ ਹੀ ਸਫ਼ਲ ਹੈ ਜੇ ਜੀਵਨ ਵਿਚ ਸੁਚੱਜ ਹੈ, ਜਿਥੇ ਬੋਲਚਾਲ ਕਿਸੇ ਨੂੰ ਆਪਣਾ ਬਣਾਉਣ ਲਈ ਪਹਿਲਾ ਕਦਮ ਹੈ, ਉਥੇ ਆਚਾਰ ਵਿਹਾਰ ਵਿਚ ਸੁਚੱਜਤਾ ਅਤੇ ਚੰਗੇ ਅਮਲ ਸਾਹਮਣੇ ਵਾਲੇ ਨੂੰ ਤੁਹਾਡੇ ਜਿਹਾ ਹੀ ਬਨਣ ਦੀ ਪ੍ਰੇਰਣਾ ਆਪ ਮੁਹਾਰੇ ਹੀ ਦੇ ਜਾਂਦੇ ਹਨ। ਇਹੋ ਜਿਹੇ ਪਲਾਂ ਵਿਚ ਬੋਲਣ ਦੀ ਵੀ ਜ਼ਰੂਰਤ ਨਹੀਂ ਰਹਿ ਜਾਂਦੀ। ਸੁਚੱਜ ਆਪਣੇ ਆਪ ਵਿਚ ਐਸੀ ਪ੍ਰਕਿਰਿਆ ਹੈ, ਜੋ ਸਾਡਾ ਸਮਾਜ ਵਿਚ ਵਿਚਰਨਾ ਬੇਹੱਦ ਸੁਖਾਲਾ ਕਰ ਦਿੰਦੀ ਹੈ।

ਸਾਨੂੰ ਪਤਾ ਹੋਵੇ ਕਿ ਕਿਸੇ ਦੇ ਸਾਹਮਣੇ ਕਦੋਂ ਅਤੇ ਕਿਵੇਂ ਬੋਲਣਾ, ਬੈਠਣਾ ਅਤੇ ਖੜੇ ਹੋਣਾ ਹੈ ਤਾਂ ਸਾਹਮਣੇ ਵਾਲੇ ਤੇ ਸਾਡੇ ਸੁਚੱਜੇ ਅਮਲਾਂ ਦਾ ਪ੍ਰਭਾਵ ਦਿਲ ਨੂੰ ਛੂਹ ਲੈਣ ਤੱਕ ਪੈਂਦਾ ਹੈ। ਉਦਾਹਰਣ ਵਜੋਂ ਅਸੀਂ ਆਪਣੀ ਮਿੱਤਰ ਮੰਡਲੀ ਸਮੇਤ ਹੱਸ ਖੇਡ ਰਹੇ ਹਾਂ, ਤੇ ਇਕ ਬਜ਼ੁਰਗ ਸਾਡੇ ਵਿਚਕਾਰ ਆ ਜਾਂਦੇ ਹਨ ਤਾਂ ਸਤਿਕਾਰ ਵਜੋਂ ਉੱਠ ਕੇ ਖੜੇ ਹੋ ਕੇ ਨਿਭ

ਕੇ ਪਿਆਰ ਲੈਣਾ ਸਾਡੇ ਦੂਜੇ ਦੋਸਤਾਂ ਨੂੰ ਜੀਵਨ ਅਮਲ ਵਿਚੋਂ ਇਕ ਚੰਗਾ ਵਿਹਾਰ ਆਪ ਮੁਹਾਰੇ ਸਿਖਾ ਦਿੰਦਾ ਹੈ, ਕੋਈ ਬੱਚਾ ਰਾਹ ਜਾਂਦਿਆਂ ਮਿਲ ਗਿਆ ਹੈ ਤਾਂ ਥੋੜ੍ਹਾ ਝੁਕ ਕੇ ਪਿਆਰ ਨਾਲ ਉਸ ਦੀਆਂ ਗੱਲਾਂ ਥਪਥਪਾ ਦੇਣਾ ਅਤੇ ਸਿਰ ਤੇ ਹੱਥ ਫੇਰ ਕੇ ਮੁਸਕੁਰਾ ਦੇਣਾ ਨਾਲ-ਨਾਲ ਤੁਰੇ ਜਾਂਦੇ ਅਣਜਾਣ ਸਾਥੀ ਨੂੰ ਵੀ ਜੀਵਨ ਦਾ ਸੁਚੱਜ ਸਿਖਾ ਦਿੰਦਾ ਹੈ। ਬੱਸ ਜਾਂ ਗੱਡੀ ਵਿਚ ਸਫਰ ਕਰਦਿਆਂ ਖੁਦ ਥੋੜ੍ਹਾ ਜਿਹਾ ਕਸ਼ਟ ਸਹਿ ਕੇ ਵੀ, ਕਿਸੇ ਬਜ਼ੁਰਗ, ਔਰਤ ਜਾਂ ਬੱਚੇ ਨੂੰ ਸੀਟ ਦੇਣਾ ਬਾਕੀਆਂ ਨੂੰ ਵੀ ਕੁਝ ਚੰਗਾ ਕਰਨ ਦੀ ਪ੍ਰੇਰਨਾ ਦੇ ਜਾਂਦੇ ਹਨ। ਥੋੜ੍ਹਾ ਜਿਹਾ ਯਤਨ ਕਰਨ ਨਾਲ ਇਹ ਸਾਰਾ ਕੁਝ ਆਦਤਾਂ ਅਤੇ ਸੁਭਾਅ ਵਿਚ ਸ਼ਾਮਿਲ ਹੋ ਜਾਂਦਾ ਹੈ। ਹਰ ਕਿਸੇ ਨੂੰ ਮਿਲਣ ਲੱਗਿਆਂ ਚਿਹਰੇ ਦੇ ਹਰ ਅੰਗ ਵਿਚੋਂ ਝਲਕਦਾ ਖੇੜਾ ਅਤੇ ਹੋਠਾਂ ਦੀ ਮੁਸਕੁਰਾਹਟ ਆਪ ਮੁਹਾਰੇ ਅਗਲੇ ਨੂੰ ਕੀਲ ਕੇ ਤੁਹਾਡਾ ਬਣਾ ਲੈਣ ਦੀ ਸਮਰੱਥਾ ਰੱਖਦੀ ਹੈ, ਪਰ ਸਿਰਫ ਦਿਖਾਵੇ ਮਾਤਰ ਕੀਤੇ ਗਏ ਐਸੇ ਕਰਮ ਬੜਾ ਥੋੜ੍ਹਾ ਪ੍ਰਭਾਵ ਪਾਉਂਦੇ ਹਨ। ਜੇ ਜੀਵਨ ਵਿਚ ਸੱਚ-ਮੁਚ ਹੀ ਸੁਚੱਜ ਹੋਵੇ, ਹਰ ਕਿਸੇ ਨੂੰ ਉਸ ਦੀ ਬਣਦੀ ਇੱਜ਼ਤ ਦੇਣ ਦੀ ਭਾਵਨਾ ਦਿਲ ਵਿਚ ਹੋਵੇ, ਤਾਂ ਦੁਸ਼ਮਣਾਂ ਨੂੰ ਵੀ ਆਪਣਾ ਬਣਾ ਸਕਣ ਦੀ ਸਮਰੱਥਾ ਇਨਸਾਨ ਵਿਚ ਮੌਜੂਦ ਹੁੰਦੀ ਹੈ।

ਇਸਦੇ ਨਾਲ-ਨਾਲ ਆਪਣੇ ਆਪ ਨੂੰ ਬਣਦੀ ਇੱਜ਼ਤ ਦੇਣਾ ਵੀ ਜ਼ਰੂਰੀ ਹੈ। ਜਿੰਨਾ ਚਿਰ ਕਿਸੇ ਅੰਦਰ ਆਤਮ ਸਨਮਾਨ ਨਾ ਹੋਵੇ, ਉਤਨਾ ਚਿਰ ਆਤਮ ਵਿਸ਼ਵਾਸ਼ ਵੀ ਨਹੀਂ ਹੁੰਦਾ ਅਤੇ ਬਿਨਾਂ ਆਤਮ ਵਿਸ਼ਵਾਸ ਤੋਂ ਸੁਚੱਜਤਾ ਸਿਰਫ ਔੜੀ ਹੋਈ ਹੀ ਲੱਗਦੀ ਹੈ। ਇਸ ਲਈ ਜ਼ਰੂਰੀ ਹੈ ਕਿ ਜੀਵਨ ਅਮਲ ਵਿਚ ਸੁਚੱਜਤਾ ਅਸਲੀਅਤ ਵਿਚ ਹੋਵੇ ਨਾ ਕਿ ਲੋਕਾਂ ਨੂੰ ਭਰਮਾਉਣ ਲਈ ਦਿਖਾਵੇ ਮਾਤਰ। ਨਹੀਂ ਤਾਂ ਕੁਝ ਚੰਗਾ ਵੰਡ ਸਕਣ ਦੀ ਥਾਂ ਉਲਟਾ ਸਗੋਂ ਅਸੀਂ ਖੁੱਦ ਮਜ਼ਾਕ ਦੇ ਪਾਤਰ ਬਣ ਸਕਦੇ ਹਾਂ। ਸੋ ਜ਼ਰੂਰਤ ਹੈ ਕਿ ਹਰ ਅਮਲ ਵਿਚੋਂ ਆਤਮ ਵਿਸ਼ਵਾਸ਼ ਅਤੇ ਦ੍ਰਿੜ੍ਹਤਾ ਝਲਕੇ ਪਰ ਹੰਕਾਰ ਨਹੀਂ।

ਸਲੀਕਾ : ਜਿਥੇ ਸੁਚੱਜ ਦਾ ਸਬੰਧ ਸੁਭਾਅ ਅਤੇ ਆਦਤਾਂ ਨਾਲ ਹੈ, ਉਥੇ ਸਲੀਕੇ ਦਾ ਸਬੰਧ ਸਮਝ ਨਾਲ ਹੈ। ਅਗਰ ਅਸੀਂ ਸਮਝਦਾਰੀ ਭਰੀ ਸੁਚੱਜਤਾ ਲਈ ਇਕ ਸ਼ਬਦ ਦੇਣਾ ਹੋਵੇ, ਤਾਂ ਸਲੀਕੇ ਤੋਂ ਵੱਧ ਢੁਕਵਾਂ ਅੱਖਰ ਕੋਈ ਵੀ ਨਹੀਂ। ਜਿਥੇ ਸੁਚੱਜਤਾ ਦਰਸਾਉਣ ਲਈ ਕੁਝ ਕੋਸ਼ਿਸ਼ ਦੀ ਜ਼ਰੂਰਤ ਹੁੰਦੀ, ਹੈ ਉਥੇ ਸਲੀਕਾ ਨਿੱਤ ਦੇ ਵਿਹਾਰ ਵਿਚੋਂ ਡੁੱਲ-ਡੁੱਲ ਪੈਂਦਾ ਹੈ। ਸੁਚੱਜਤਾ ਸਿੱਖੀ ਜਾ ਸਕਦੀ ਹੈ। ਪਰ ਸਲੀਕਾ ਕਮਾਇਆ ਜਾਂਦਾ ਹੈ। ਕਿਸੇ ਦੇ ਵੀ ਵਿਹਾਰ ਵਿਚੋਂ ਸਲੀਕਾ ਪੈਦਾ ਕਰਨ ਦਾ ਸਭ ਤੋਂ ਵੱਧ ਮਹੱਤਵਪੂਰਨ ਤੱਤ ਧਿਆਨ ਹੁੰਦਾ ਹੈ। ਸਲੀਕੇ ਦਾ ਮਤਲਬ ਹੀ ਹੈ ਕਿ ਹੋ ਰਹੇ ਕੰਮ ਵਿਚ ਸੰਪੂਰਨਤਾ ਝਲਕੇ ਅਤੇ ਸੰਪੂਰਨਤਾ ਤਾਂ ਹੀ ਝਲਕ ਸਕਦੀ ਹੈ, ਜੇ ਸਰੀਰ ਦਾ ਰੋਮ ਰੋਮ ਕੰਮ ਵਿਚ ਸ਼ਾਮਲ ਹੋਵੇ ਅਤੇ ਇਹ ਧਿਆਨ ਤੋਂ ਬਿਨਾਂ ਅਸੰਭਵ ਹੈ। ਜਿਸ ਕੰਮ ਨੂੰ ਜਿੰਨਾਂ ਵੱਧ ਧਿਆਨ ਅਤੇ ਇਕਾਗਰਤਾ ਮਿਲੇਗੀ, ਉਹ ਕੰਮ ਉਤਨਾ ਹੀ ਵੱਧ ਸੰਪੂਰਨ ਹੋਵੇਗਾ। ਐਸੇ ਸੰਪੂਰਨਤਾ ਭਰੇ ਕੰਮ ਨੂੰ ਹੀ ਅਸੀਂ ਆਮ ਬੋਲਚਾਲ ਵਿਚ ਸਲੀਕੇ ਭਰਿਆ ਕਹਿ ਦਿੰਦੇ ਹਨ। ਕਿਸੇ ਦੇ ਵਿਹਾਰ ਵਿਚੋਂ ਡੁਲਦਾ ਸਲੀਕਾ ਉਸ ਦੇ ਉੱਚੇ-ਸੁੱਚੇ ਸੰਪੂਰਨਤਾ ਭਰੇ ਅੰਦਰੂਨੀ ਜੀਵਨ ਦਾ ਪ੍ਰਭਾਵ ਆਪ ਮੁਹਾਰੇ ਛੱਡ ਜਾਂਦਾ ਹੈ। ਸਾਹਮਣੇ ਵਾਲਾ ਇਸ ਪਿਆਰੇ ਜੀਵਨ ਅਮਲ ਦਾ

ਪ੍ਰਭਾਵ ਲੈ ਕੇ ਕੁਦਰਤੀ ਹੀ ਇਸ ਨੂੰ ਅਪਣਾਉਣ ਦਾ ਇੱਛੁਕ ਹੋ ਜਾਂਦਾ ਹੈ। ਬੋਲਚਾਲ ਅਤੇ ਸੁਚੱਜਤਾ ਤੋਂ ਅਗਲਾ ਅਤੇ ਵੱਧ ਪ੍ਰਭਾਵਸ਼ਾਲੀ ਕਦਮ ਹੈ ਸਲੀਕਾ। ਨਿਰੋਲ ਅੰਦਰੂਨੀ ਸੂਝ ਪਰ ਬਾਹਰੀ ਪ੍ਰਭਾਵ ਵੀ ਚਿਰ ਸਥਾਈ। ਸਲੀਕੇ ਭਰਿਆ ਕੋਈ ਮਨੁੱਖ ਹਵਾ ਦੇ ਠੰਡੇ ਬੁੱਲੇ ਵਾਂਗ ਲੰਘਦੇ ਹਰ ਕਿਸੇ ਨੂੰ ਵੀ ਖੇੜਾ ਬਖਸ਼ ਜਾਂਦਾ ਹੈ। ਇਹ ਇਸ ਗੁਣ ਦਾ ਸਭ ਤੋਂ ਤੀਖਣ ਅਤੇ ਸਥਾਈ ਪ੍ਰਭਾਵ ਹੈ। ਸਲੀਕਾ ਕਿਸੇ ਵੀ ਇਨਸਾਨ ਦੀ ਸ਼ਖਸ਼ੀਅਤ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣ ਵਾਲਾ ਅਹਿਮ ਤੱਤ ਹੈ।

ਬਰਦਾਸ਼ਤ ਦੀ ਸ਼ਕਤੀ : ਕਿਸੇ ਨੂੰ ਕੁਝ ਵੀ ਦੇਣਾ ਹੋਵੇ ਤਾਂ ਬਰਦਾਸ਼ਤ ਦੀ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ ਪਰ ਕਿਸੇ ਨੂੰ ਚੰਗਾ ਜੀਵਨ ਢੰਗ ਦੇਣਾ ਹੋਵੇ ਤਾਂ ਇਸ ਤਾਕਤ ਦਾ ਹੋਣਾ ਸਭ ਤੋਂ ਜ਼ਰੂਰੀ ਹੈ। ਸਾਹਮਣੇ ਵਾਲਾ ਤੁਹਾਨੂੰ ਸੁਆਰਥੀ ਸਮਝ ਕੇ ਕੁਝ ਵੀ ਕਹਿ ਸਕਦਾ ਹੈ। ਕਿਸੇ ਤਰ੍ਹਾਂ ਦਾ ਵੀ ਵਿਹਾਰ ਕਰ ਸਕਦਾ ਹੈ। ਲੇਕਿਨ ਅਗਰ ਤੁਹਾਡੀ ਲਗਨ ਪੱਕੀ ਹੈ ਤਾਂ ਇਹ ਸਭ ਕੁਝ ਦੇਖ ਕੇ ਅਣਡਿੱਠ ਕਰਨ ਦੀ ਰੁਚੀ ਬਣਦੀ ਜਾਂਦੀ ਹੈ। ਇਥੇ ਬਰਦਾਸ਼ਤ ਦੀ ਤਾਕਤ ਇਤਨੀ ਕੁ ਚਾਹੀਦੀ ਹੈ ਕਿ ਸਾਹਮਣੇ ਵਾਲਾ ਗਾਲ੍ਹ ਵੀ ਕੱਢੇ ਤਾਂ ਵੀ ਤੁਸੀਂ ਮੁਸਕੁਰਾ ਸਕੋ। ਇਹ ਗੱਲ ਅਗਲੇ ਨੂੰ ਤੁਹਾਡੇ ਸੁਭਾਅ ਦੇ ਵੱਸ ਕਰਨ ਵਿਚ ਸਹਾਈ ਹੁੰਦੀ ਹੈ। ਹਰ ਮਾੜੀ ਗੱਲ ਦੀ ਪ੍ਰਤੀਕਿਰਿਆ ਵਜੋਂ ਇਕ ਪਿਆਰ ਭਰੀ ਮੁਸਕੁਰਾਹਟ ਬਲਦੀ ਅੱਗ ਤੇ ਪਾਣੀ ਪਾਉਣ ਵਾਂਗ ਹੁੰਦੀ ਹੈ ਪਰ ਜਿਸ ਵਿਚ ਵਿਅੰਗ ਨਾ ਹੋਵੇ। ਅਗਰ ਤੁਹਾਡੀ ਮੁਸਕੁਰਾਹਟ ਜਾਂ ਬਰਦਾਸ਼ਤ ਵਿਚ ਵਿਅੰਗ ਹੋਵੇ ਤਾਂ ਅਗਲਾ ਹੋਰ ਵੀ ਭੜਕ ਸਕਦਾ ਹੈ। ਤਰਸ ਅਤੇ ਹਮਦਰਦੀ ਦੀ ਭਾਵਨਾ ਦਿਲ ਵਿਚ ਹੋਵੇ ਪਰ ਨਜ਼ਰ ਸਿਰਫ ਦੋਸਤੀ ਹੀ ਆਉਂਦੀ ਹੋਵੇ ਤਾਂ ਹੀ ਅਗਲਾ ਤੁਹਾਡੀ ਗੱਲ ਸੁਣਨ ਨੂੰ ਰਾਜ਼ੀ ਹੋ ਸਕਦਾ ਹੈ।

ਕਿਸੇ ਨੂੰ ਕੁਝ ਵੀ ਦੇਣ ਤੋਂ ਪਹਿਲਾਂ ਹਰ ਮਾੜੀ ਗੱਲ ਸੁਣ ਕੇ ਸਹਿ ਲੈਣ ਦੀ ਸਮਰੱਥਾ ਅਤੇ ਤਿਆਰੀ ਸਾਨੂੰ ਸਾਹਮਣੇ ਵਾਲੇ ਤੋਂ ਸਦਾ ਵੱਡਾ ਹੀ ਬਣਾਉਂਦੀ ਹੈ। ਪ੍ਰਸਿੱਧ ਵਿਦਵਾਨ ਗਿ: ਜਗਜੀਤ ਸਿੰਘ ਸਿਦਕੀ ਜੀ ਦਾ ਬੜਾ ਪਿਆਰਾ ਕਥਨ ਹੈ:-

ਜਿਤਿਆ ਉਹ ਨਹੀਂ ਜੋ ਕਹਿ ਗਿਆ, ਜਿਤਿਆ ਉਹ ਜੋ ਸਹਿ ਗਿਆ।

ਲੋੜਾਂ ਵਿਚ ਕਮੀ : ਆਪਣੇ ਸੁਆਰਥ ਤੇ ਆਪਣੀਆਂ ਲੋੜਾਂ ਤੋਂ ਉੱਚੇ ਉੱਠ ਕੇ ਜਦੋਂ ਤੁਸੀਂ ਦੂਜੇ ਦੇ ਪੱਧਰ ਤੇ ਦੂਜੇ ਦੀਆਂ ਲੋੜਾਂ ਦਾ ਧਿਆਨ ਰੱਖਦੇ ਹੋਏ ਅਮਲ ਕਰਦੇ ਹੋ ਤਾਂ ਦੂਜਾ ਤੁਹਾਡੇ ਇਸ ਸੁਆਰਥ ਤਿਆਗ ਅਤੇ ਕੁਰਬਾਨੀ ਤੋਂ ਮੋਹਿਤ ਹੁੰਦਾ ਤੁਹਾਡੇ ਵਰਗਾ ਹੀ ਬਨਣ ਦੀ ਚਾਹ ਕਰਨ ਲੱਗਦਾ ਹੈ। ਐਸਾ ਹੋਣ ਨਾਲ ਆਪਾ ਵੰਡਾਉਣਾ ਪਹਿਲਾਂ ਨਾਲੋਂ ਕਿਤੇ ਆਸਾਨ ਹੋ ਜਾਂਦਾ ਹੈ। ਆਪਣੀ ਵੱਡੀ ਲੋੜ ਨੂੰ ਤੁੱਛ ਸਮਝਦਿਆਂ ਜਦੋਂ ਤੁਸੀਂ ਸਾਹਮਣੇ ਵਾਲੇ ਦੀ ਛੋਟੀ ਲੋੜ ਦਾ ਵੀ ਧਿਆਨ ਰੱਖਦੇ ਹੋ ਤੇ ਉਸਦੀ ਪੂਰਤੀ ਲਈ ਪੂਰੇ ਯਤਨ ਨਾਲ ਜੁੱਟ ਜਾਂਦੇ ਹੋ ਤਾਂ ਸਾਹਮਣੇ ਵਾਲਾ ਤਾਂ ਤੁਹਾਡਾ ਕਰਜ਼ਦਾਰ ਹੁੰਦਾ ਹੈ, ਪਰ ਨਾਲ ਤੁਹਾਨੂੰ ਆਪਣੇ ਆਪ ਨੂੰ ਵਡਿਆਉਣ ਦਾ ਹੱਕ ਵੀ ਮਿਲ ਜਾਂਦਾ ਹੈ। ਕੁਝ ਚੰਗਾ ਕਰਨ ਦਾ ਅਹਿਸਾਸ ਮਨੁੱਖ ਨੂੰ ਹੋਰ ਚੰਗਾ ਬਣਾਉਂਦਾ ਹੈ ਅਤੇ ਉਹ ਨਿਰੰਤਰ ਦੂਜਿਆਂ ਲਈ ਸੋਚਦਾ ਅਤੇ ਕਰਦਾ ਹੈ। ਇਸ ਨਾਲ ਲਗਾਤਾਰ ਉਹ ਦੂਜਿਆਂ ਦੀਆਂ ਨਜ਼ਰਾਂ ਵਿਚ ਉੱਚਾ ਉਠਣ

ਦੇ ਨਾਲ-ਨਾਲ ਆਪਣੀਆਂ ਨਜ਼ਰਾਂ ਵਿਚ ਵੀ ਹੋਰ ਉੱਚਾ ਉਠਦਾ ਜਾਂਦਾ ਹੈ ਅਤੇ ਆਪਣੀਆਂ ਨਜ਼ਰਾਂ ਵਿਚ ਉੱਚਾ ਉਠਣਾ ਉਸ ਨੂੰ ਆਪਣੇ ਅੰਦਰ ਵਸੇ ਪਰਮਾਤਮਾ ਨਾਲ ਮਿਲਾਉਂਦਾ ਹੈ ਕਿਉਂਕਿ ਆਪਾ ਵਾਰਨ ਅਤੇ ਦੇਣ ਦਾ ਸੁਭਾਅ ਪਰਮਾਤਮਾ ਦਾ ਸੁਭਾਅ ਹੀ ਹੈ। ਆਪਣੇ ਇਸ ਸੁਭਾਅ ਕਾਰਣ ਮਨੁੱਖ ਪਰਮਾਤਮਾ ਵਰਗਾ ਹੋ ਜਾਂਦਾ ਹੈ। ਜਿਸ ਨੂੰ ਲੋਕ ਰੱਬ ਵਰਗਾ ਬੰਦਾ ਵੀ ਕਹਿ ਦਿੰਦੇ ਹਨ ਅਤੇ ਰੱਬ ਵਰਗੇ ਬੰਦੇ ਦੀ ਫਿਰ ਹਰ ਕੋਈ ਗਲ ਸੁਣ ਵੀ ਲੈਂਦਾ ਹੈ ਅਤੇ ਉਸਤੇ ਇਤਬਾਰ ਵੀ ਕਰ ਲੈਂਦਾ ਹੈ।

ਸਮਾਜ ਵਿਚ ਵਿਚਰਨਾ : ਉਪਰੋਕਤ ਗੁਣਾਂ ਦੇ ਆ ਜਾਣ ਨਾਲ ਖੁੱਲ੍ਹੇ ਸਮਾਜ ਵਿਚ ਵਿਚਰਨਾ ਅਤੇ ਅਣਜਾਣ ਲੋਕਾਂ ਨਾਲ ਦੋਸਤੀ ਪਾਉਣੀ ਬਹੁਤ ਸੌਖੀ ਹੋ ਜਾਂਦੀ ਹੈ। ਮਿੱਠੀ ਗੱਲਬਾਤ ਨਾਲ ਅਗਲੇ ਨੂੰ ਮੋਹਦਿਆਂ ਜਦੋਂ ਤੁਸੀਂ ਆਪਣੀਆਂ ਨਜ਼ਰਾਂ ਵਿਚੋਂ ਅਗਲੇ ਲਈ ਪਿਆਰ ਵਰਸਾਉਂਦਿਆਂ ਆਪਾ ਵਾਰੂ ਭਾਵਨਾਵਾਂ ਨਾਲ ਅਗਲੇ ਦਾ ਦੁਖ ਦਰਦ ਸੁਣਦੇ ਅਤੇ ਵਡਿਆਉਂਦੇ ਹੋ, ਤਾਂ ਕਿਵੇਂ ਨਾ ਅਗਲਾ ਤੁਹਾਡਾ ਹੱਥ ਬੰਨ੍ਹ ਗੁਲਾਮ ਹੋ ਜਾਵੇਗਾ, ਪਰ ਯਾਦ ਰੱਖੀਏ ਸਾਰੇ ਦਾ ਸਾਰਾ ਅਮਲ ਸਪੱਸ਼ਟ ਰੂਪ ਵਿਚ ਪਿਆਰ ਭਰਿਆ ਹੋਵੇ। ਦਿਖਾਵਟੀਪਣ ਜਾਂ ਚਮਚਾਗਿਰੀ ਨਾਲ ਤਾਂ ਕੋਈ ਵੀ ਤੁਹਾਡੇ ਤੇ ਇਤਬਾਰ ਨਹੀਂ ਕਰੇਗਾ। ਸਭ ਕੁਝ ਇਤਨਾ ਪਾਰਦਰਸ਼ੀ ਹੋਵੇ, ਜਿਵੇਂ ਸ਼ੀਸ਼ੇ ਦੇ ਆਰ ਪਾਰ ਦੇਖ ਲਈਦਾ ਹੈ। ਅਗਲਾ ਜਦੋਂ ਤੁਹਾਡੀਆਂ ਅੱਖਾਂ ਵਿਚ ਝਾਕੇ, ਤਾਂ ਉਥੇ ਉਸਨੂੰ ਸੱਚਮੁਚ ਹੀ ਉਹ ਕੁਝ ਨਜ਼ਰ ਆਵੇ ਜੋ ਕੁਝ ਸੁਣ ਅਤੇ ਦਿਖ ਰਿਹਾ ਹੈ। ਇਸ ਸਾਰੇ ਅਮਲ ਨੂੰ ਜਦੋਂ ਤੱਕ ਅਗਲਾ ਹਿਰਦੇ ਤੋਂ ਮਹਿਸੂਸ ਨਾ ਕਰ ਲਵੇ, ਉਤਨਾ ਚਿਰ ਕਿਸੇ ਨਾਲ ਵੀ ਆਪਾ ਵੰਡਾਉਣਾ ਮੁਸ਼ਕਿਲ ਹੁੰਦਾ ਹੈ।

ਅੰਤ ਵਿਚ ਜੋ ਕੁਝ ਅਸੀਂ ਜੀਵਨ ਤੋਂ ਪਾਇਆ ਹੈ ਉਸ ਨੂੰ ਹੋਰਾਂ ਦਾ ਜੀਵਨ ਸਵਾਰ ਦੇਣ ਲਈ ਹੋਰ ਚੰਗਾ ਬਣਾ ਕੇ ਫਿਰ ਸੁਆਰਥ ਰਹਿਤ ਵੰਡ ਦੇਣਾ ਹੀ ਸਫਲ ਜੀਵਨ ਦਾ ਲੱਛਣ ਹੈ। ਵਿਰਲੇ ਹੁੰਦੇ ਹਨ ਜੋ ਇਸ ਅਮਲ ਨੂੰ ਪੂਰਾ ਕਰਨ ਲਈ ਜੀਵਨ ਲੇਖੇ ਲਾਉਂਦੇ ਹਨ, ਪਰ ਗੁਰੂ ਨਾਨਕ ਸਾਹਿਬ ਦਾ ਰਾਹ ਸਦਾ ਹੀ ਇਹ ਰਿਹਾ ਹੈ। ਇਥੇ ਸਰਬਤ ਦੇ ਭਲੇ ਦੀ ਕਾਮਨਾ ਕਰ ਕੇ ਵੰਡ ਛਕਣਾ ਹੀ ਵਾਹਿਗੁਰੂ ਪ੍ਰਾਪਤੀ ਦਾ ਰਾਹ ਦਰਸਾਇਆ ਗਿਆ ਹੈ। ਇਹ ਰਾਹ ਹੈ:

ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ (ਪੰਨਾ : ੧੮੬)

***

ਪ੍ਰਸ਼ਨ ਪੱਤਰ ਪਾਠ ਨੰ. 7

1. ਗੁਰੂ ਹਰਿਰਾਇ ਸਾਹਿਬ ਜੀ ਨੇ ਕਾਲ ਪੈਣ ਤੇ ਜਨਤਾ ਦੀ ਸੇਵਾ ਕਿਵੇਂ ਕੀਤੀ? ਦਾਰਾ ਸ਼ਿਕੋਹ ਗੁਰੂ ਘਰ ਦਾ ਸ਼ਰਧਾਲੂ ਕਿਉਂ ਤੇ ਕਿਵੇਂ ਬਣਿਆ?

2. ਗੁਰੂ ਹਰਿਰਾਇ ਸਾਹਿਬ ਜੀ ਨੇ ਬਾਬਾ ਰਾਮ ਰਾਇ ਨੂੰ ਗੁਰੂ ਘਰ ਤੋਂ ਕਿਉਂ ਛੇਕਿਆ?

3. ਅੱਜ ਵੀ ਕਈ ਅਖੌਤੀ ਬਾਬੇ ਗੁਰਬਾਣੀ ਦੀ ਕੁਵਰਤੋਂ ਕਿਵੇਂ ਕਰ ਰਹੇ ਹਨ। ਅੱਜ ਦੇ ਸੰਦਰਭ ਵਿਚ ਵਿਸਥਾਰ ਨਾਲ ਨੋਟ ਲਿਖੋ?

4. ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਗੁਰਸਿੱਖਾਂ ਦਾ ਆਤਮਕ ਤੇ ਸਮਾਜਿਕ ਗਿਆਨ ਕਿਸ ਪੱਧਰ ਤੇ ਸੀ?

5. ਗੁਰੂ ਹਰਿਕ੍ਰਿਸ਼ਨ ਜੀ ਵਲੋਂ ਦਿੱਲੀ 'ਚ ਕੀਤੀ ਲੋਕ ਸੇਵਾ ਵਿਸਥਾਰ ਸਹਿਤ ਲਿਖੋ?

6. ਦਵਾਖਾਨਾ ਸਾਖੀ ਤੋਂ ਸਾਨੂੰ ਜੋ ਪ੍ਰੇਰਨਾ ਮਿਲਦੀ ਹੈ, ਉਸ ਤੋਂ ਅਸੀਂ ਕਿਸ ਤਰ੍ਹਾਂ ਦੇ ਹਸਪਤਾਲ ਕੌਮ ਨੂੰ ਸਮਰਪਿਤ ਕਰੀਏ?

7. ਇਸ ਸਾਖੀ ਤੋਂ ਜੋ ਸਿਖਿਆਂ ਮਿਲਦੀ ਹੈ ਉਸ ਉੱਤੇ ਨੋਟ ਲਿਖੋ?

8. ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਜੀ ਦੇ ਸ਼ਹੀਦੀ ਦੇ ਕਾਰਨ ਦੱਸੋ?

9. ਜਦ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਸ਼ਹੀਦ ਹੋਣ ਲੱਗੇ ਤਾਂ ਉਨ੍ਹਾਂ ਦੇ ਨਿਕਟਵਰਤੀਆਂ ਨੇ ਕੀ ਕਿਹਾ ਤੇ ਅੱਗੋਂ ਉਨ੍ਹਾਂ ਨੇ ਕੀ ਜਵਾਬ ਦਿੱਤਾ?

10. ਭਾਈ ਸ਼ਾਹਬਾਜ ਸਿੰਘ ਜੀ ਦੇ ਜੀਵਨ ਤੋਂ ਅੱਜ ਦੇ ਗੱਭਰੂ ਨੂੰ ਕੀ ਸਿਖਿਆ ਮਿਲਦੀ ਹੈ?

11. ਬਾਬਾ ਦੀਪ ਸਿੰਘ ਜੀ ਨੇ ਧਰਮ ਤੇ ਪੰਥ ਦੀ ਸੇਵਾ ਕਿਸ ਤਰ੍ਹਾਂ ਕੀਤੀ? ਵਿਸਥਾਰ ਨਾਲ ਲਿਖੋ।

12. ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਨੂੰ ਕੀ ਪ੍ਰੇਰਨਾ ਦਿੰਦਾ ਹੈ?

13. ਗੁਰੂ ਪੰਥ ਦੀ ਪਰਿਭਾਸ਼ਾ ਕੀ ਹੈ? ਇਸ ਦੀ ਅਣਹੋਂਦ ਤੋਂ ਦਰਪੇਸ਼ ਸਮੱਸਿਆਵਾਂ ਤੇ ਨੋਟ ਲਿਖੋ?

14. ਰਹਿਤ ਦੀ ਕੀ ਲੋੜ ਹੈ? ਸਿੱਖ ਧਰਮ ਅੰਦਰ ਜੋ ਸੰਸਕਾਰ ਰੱਖੇ ਗਏ ਹਨ ਉਨ੍ਹਾਂ ਦੀ ਕੀ ਮਹੱਤਤਾ ਹੈ ਤੇ ਕਿਉਂ?

15. ਹਰੇਕ ਸ਼ਬਦ ਵਿਚ ਆਏ ਗੁਰਮਤਿ ਸਿਧਾਂਤਾਂ ਅਤੇ ਗੁਰ-ਉਪਦੇਸ਼ਾਂ ਦਾ ਵਰਣਨ ਆਪਣੇ ਸ਼ਬਦਾਂ ਵਿਚ ਕਰੋ?

16 ਜੀਵਨ ਦੇ ਨਰੋਏ ਵਿਕਾਸ ਲਈ ਮਨੁੱਖੀ ਜੀਵਨ ਦੇ ਪੰਜਾਂ ਪੜਾਵਾਂ ਦਾ ਵਰਣਨ ਕਰੋ?

17. ਮਨੁੱਖ ਨੂੰ ਸਫ਼ਲ ਜੀਵਨ ਜੀਊਣ ਲਈ ਕਿਨ੍ਹਾਂ ਗੁਣਾਂ ਦਾ ਧਾਰਣੀ ਹੋਣਾ ਚਾਹੀਦਾ ਹੈ? ਵਰਣਨ ਕਰੋ।

***